ਪੰਜਾਬੀ ਬਿਜਨਸ ਪ੍ਰੋਫੈਸ਼ਨਲ ਐਸੋਸੀਏਸ਼ਨ ਦੇ ਪ੍ਰਧਾਨ ਰਵਿੰਦਰ ਸਿੰਘ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਗਾਲਾ ਨਾਈਟ ਹਮੇਸ਼ਾਂ ਵਾਂਗ ਦਿੱਤੇ ਸਮੇਂ *ਤੇ ਹੀ ਸ਼ੁਰੂ ਹੋਵੇਗੀ ਅਤੇ ਦਿੱਤੇ ਸਮੇਂ 'ਤੇ ਹੀ ਖਤਮ ਹੋਵੇਗੀ।ਉਨ੍ਹਾਂ ਨੇ ਉਮੀਦ ਪ੍ਰਗਟ ਕੀਤੀ ਕਿ ਪਹਿਲੀਆਂ ਗਾਲਾ ਨਾਈਟਾਂ ਵਾਂਗੂ ਇਹ ਪਰਿਵਾਰਕ ਮਿਲਣੀ ਬਹੁਤ ਹੀ ਵਧੀਆ ਰਹੇਗੀ, ਕਿਉਂਕਿ ਅੱਜ ਦੀ ਮੀਟਿੰਗ ਦੇ ਵਿੱਚ ਹੀ 30 ਮੈਂਬਰਾਂ ਨੇ ਹਿੱਸਾ ਲਿਆ ਅਤੇ ਆਪੋ ਆਪਣੀਆਂ ਜੁੰਮੇਵਾਰੀਆਂ ਸੰਭਾਲੀਆਂ। ਇਸ ਮੀਟਿੰਗ ਵਿਚ ਡਾ ਰਮਨੀ ਬਤਰਾ ਪ੍ਰਧਾਨ ਇਸਤਰੀ ਵਿੰਗ, ਜ਼ੋਤੀ ਸ਼ਰਮਾਂ, ਸੁਖਵਿੰਦਰ ਪੂਨੀ, ਮਨਜਿੰਦਰ ਸਹੋਤਾ, ਗੁਰਸ਼ਰਨ ਕੌਰ ਕਾਂਦਰਾ, ਨਾਜ਼ੀਆ ਅਹਿਮਦ, ਹਲੀਮਾ ਸਾਦੀਆ, ਓਂਟਾਰੀਓ ਫਰੈਂਡਜ਼ ਕਲੱਬ ਦੇ ਪ੍ਰਧਾਨ ਰਵਿੰਦਰ ਸਿੰਘ ਕੰਗ, ਨਿਰਵੈਰ ਸਿੰਘ ਅਰੋੜਾ, ਇਫਤਿਖਾਰ ਚੌਧਰੀ, ਸਨੀ, ਸਰਦੂਲ ਸਿੰਘ ਥਿਆੜਾ, ਰਾਜਬੀਰ ਦੁਸਾਂਝ, ਬਲਵਿੰਦਰ ਕੌਰ ਚੱਠਾ, ਰੁਪਿੰਦਰ ਸੰਧੂ, ਸੂਰਜ ਸਿੰਘ ਚੌਹਾਨ, ਸਾਹਰ ਸਿੰਘ ਚੌਹਾਨ ਵੀ ਸ਼ਾਮਲ ਹੋਏ।

## ਕੈਸਲਮੋਰ ਸੀਨੀਅਰ ਕਲੱਬ ਵੱਲੋਂ ਪ੍ਰੀਤ ਮਿਲਣੀ

ਬਰੈਂਪਟਨ-ਕੈਸਲਮੋਰ ਸੀਨੀਅਰ ਕਲੱਬ ਦੇ ਸੈਕਟਰੀ ਕੁਲਦੀਪ ਗਿੱਲ ਅਤੇ ਚੇਅਰਮੈਨ ਵਤਨ ਸਿੰਘ ਗਿੱਲ ਦੁਆਰਾ ਇਸ ਕਲੱਬ ਦੇ ਸਮੂਹ ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ 21 ਅਕਟੂਬਰ ਐਤਵਾਰ ਨੂੰ ਇਸ ਸਾਲ ਦੀ ਵਿਦਾਇਗੀ ਅਤੇ ਦੀਵਾਲੀ ਦੀ ਪ੍ਰੀਤ ਮਿਲਣੀ ਗੁਰਦਵਾਰਾ ਮੇਅਫੀਲਡ ਲਾਗੇ (ਜਿੱਥੇ ਪਹਿਲਾਂ ਵੀ ਮੀਟਿੰਗ ਹੁੰਦੀਆਂ ਰਹੀਆਂ ਹਨ) ਦੁਪਹਿਰ 1 ਵਜੇ ਹੋਣੀ ਹੈ ਜਿੱਥੇ ਸਭ ਨੂੰ ਪਹੁੰਚਣ ਦਾ ਸੱਦਾ ਦਿੱਤਾ ਜਾਂਦਾ ਹੈ। ਇੰਡੀਆਂ ਜਾ ਰਹੇ ਮੈਂਬਰਾਂ ਨੂੰ ਸ਼ੁਭਇੱਛਾਵਾਂ ਦੇਣ ਦੇ ਨਾਲ ਨਾਲ ਇਸ ਮੌਕੇ ਕਲੱਬ ਦੀ ਬੇਹਤਰੀ ਲਈ ਵਿਚਾਰਵਟਾਂਦਰਾ ਅਤੇ ਦਰਪੇਸ਼ ਸਮਿੱਸਿਆਵਾਂ ਨਾਲ ਨਜਿੱਠਣ ਲਈ ਵਿਓਂਤਬੰਦੀ ਉਲੀਕੀ ਜਾਏਗੀ। ਚਾਹਪਾਣੀ ਦੇ ਪ੍ਰਬੰਧ ਦੇ ਨਾਲ ਮਨੋਰੰਜਨ ਵੀ ਕੀਤਾ ਜਾਵੇਗਾ। ਕਲੱਬ ਦੇ ਪ੍ਰਬੰਧਕੀ ਢਾਂਚੇ ਵਿੱਚ ਆਈ ਤਰੇੜ ਨੂੰ ਮੁਕੰਮਲ ਕਰਨ ਅਤੇ ਕਲੱਬ ਦੀ ਸ਼ਾਖ ਨੂੰ ਚੜ੍ਹਦੀਕਲਾ ਵਿੱਚ ਰੱਖਣ ਲਈ ਸਭ ਮੈਂਬਰਾਂ ਦਾ ਸਹਿਯੋਗ ਅਤੀ ਲੋੜੀਂਦਾ ਹੈ ਇਸ ਲਈ ਆਪ ਸਭ ਨੂੰ ਸਮੇਂ ਸਿਰ ਅਪੜਨ ਲਈ ਸੱਦਾ ਦਿੱਤਾ ਜਾਂਦਾ ਹੈ। ਆਸ ਕੀਤੀ ਜਾਂਦੀ ਹੈ ਕਿ ਇਹ ਮਿਲਣੀ ਇਸ ਸਾਲ ਦਾ ਅੰਤਮ ਯਾਦਗਾਰੀ 'ਗੈਟ ਟੂ ਗੈਦਰ' ਹੋਵੇਗੀ ਜਿਸ 'ਚ ਅਗਲੇ ਸਾਲ ਨੂੰ ਵਧੀਆ ਤਰੀਕੇ ਨਾਲ ਜੀ ਆਇਆਂ ਕਹਿਣ ਦਾ ਉਪਰਾਲਾ ਕੀਤਾ ਜਾਵੇਗਾ। ਧੰਨਵਾਦ

## ਸਾਂਸਦ ਹਰਿੰਦਰ ਸਿੰਘ ਖਾਲਸਾ ਨਿਊਜ਼ੀਲੈਂਡ ਪਹੁੰਚੇ

### 13 ਦੇ ਸਭਿਆਚਾਰਕ ਅਤੇ 21 ਦੇ ਖੇਡ ਟੂਰਨਾਮੈਂਟ ਵਿਚ ਹੋਣਗੇ ਮੁੱਖ ਮਹਿਮਾਨ



ਆਕਲੈਂਡ 12 ਅਕਤੂਬਰ (ਹਰਜਿੰਦਰ ਸਿੰਘ ਬਸਿਆਲਾ) -ਹਲਕਾ ਫਤਹਿਗੜ੍ਹ ਸਾਹਿਬ ਤੋਂ ਭਾਰਤੀ ਲੋਕ ਸਭਾ ਦੇ ਮੈਂਬਰ ਸ. ਹਰਿੰਦਰ ਸਿੰਘ ਖਾਲਸਾ ਵੀਰਵਾਰ ਆਕਲੈਂਡ ਹਵਾਈ ਅੱਡੇ ਉਤੇ ਪਹੁੰਚੇ ਜਿੱਥੇ ਉਨ੍ਹਾਂ ਦਾ ਸਵਾਗਤ ਕਰਨ ਲਈ ਅੰਬੇਡਕਰ ਸਪੋਰਟਸ ਐਂਡ ਕਲਚਰਲ ਕਮੇਟੀ ਦੇ ਅਹੁਦੇਦਾਰ ਪਹੁੰਚੇ ਹੋਏ ਸਨ। ਇਨ੍ਹਾਂ ਵਿਚ ਕਲੱਬ ਦੇ ਪ੍ਰਧਾਨ ਜਸਵਿੰਦਰ ਸੰਧੂ, ਸਕੱਤਰ ਸ. ਨਰਿੰਦਰ ਸਿੰਘ ਸਹੋਤਾ, ਸ੍ਰੀ ਗੁਰੂ ਰਵਿਦਾਸ ਸਭਾ ਬੰਬੇ ਹਿਲ ਤੋਂ ਸ. ਰਵਿੰਦਰ ਸਿੰਘ ਝੱਮਟ, ਚੇਅਰਮੈਨ ਸ. ਨਿਰਮਲਜੀਤ ਸਿੰਘ ਭੱਟੀ, ਸ਼ਿੰਦਰ ਮਾਹੀ ਤੇ ਹੋਰ ਮੈਂਬਰ ਪਹੁੰਚੇ ਸਨ। ਸ. ਹਰਿੰਦਰ ਸਿੰਘ ਖਾਲਸਾ ਦੀ ਭੈਣ ਸ੍ਰੀਮਤੀ ਦਵਿੰਦਰ ਕੌਰ ਖਾਲਸਾ ਹਮਿਲਟਨ ਵਿਖੇ ਰਹਿੰਦੇ ਹਨ ਅਤੇ ਉਹ ਵੀ ਉਨ੍ਹਾਂ ਨੂੰ ਲੈਣ ਪਹੁੰਚੇ ਸਨ। ਸ. ਖਾਲਸਾ 13 ਅਕਤੂਬਰ ਨੂੰ ਅੰਬੇਡਕਰ ਸਪੋਰਟਸ ਕਲੱਬ ਵੱਲੋਂ ਹੋ ਰਹੇ ਪੁੱਕੀਕੋਹੀ ਵਿਖੇ ਹੋ ਰਹੇ ਸਭਿਆਚਾਰਕ ਸਮਾਗਮ ਅਤੇ 21 ਅਕਤੂਬਰ ਨੂੰ ਹੋਣ ਵਾਲੇ ਖੇਡ ਮੇਲੇ ਵਿਚ ਵੀ ਸ਼ਿਰਕਤ ਕਰਨਗੇ।

ਵਰਨਣਯੋਗ ਹੈ ਕਿ ਸ. ਖਾਲਸਾ 1996 ਤੋਂ 1998 ਤੱਕ ਬਠਿੰਡਾ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਤਰਫ ਤੋਂ ਸਾਂਸਦ ਬਣੇ ਸਨ ਅਤੇ ਫਿਰ 2014 ਦੇ ਵਿਚ ਆਮ ਆਦਮੀ ਪਾਰਟੀ ਤੋਂ ਸਾਂਸਦ ਬਣੇ ਹਨ। ਉਨ੍ਹਾਂ ਸੁਖਦੇਵ ਸਿੰਘ ਲਿਬੜਾ ਨੂੰ 55,000 ਤੋਂ ਵੱਧ ਵੋਟਾਂ ਨਾਲ ਹਰਾ ਦਿੱਤਾ ਸੀ। ਪਰ ਅੱਜਕੱਲ੍ਹ ਇਨ੍ਹਾਂ ਦੇ ਸਬੰਧ ਆਮ ਪਾਰਟੀ ਦੇ ਨਾਲ ਠੀਕ ਨਹੀਂ ਹਨ। ਆਮ ਆਦਮੀ ਪਾਰਟੀ ਨੇ ਇਨ੍ਹਾਂ ਨੂੰ ਅਗਸਤ 2015 ਦੇ ਵਿਚ ਬਰਖਾਸਤ ਕਰ ਦਿੱਤਾ ਸੀ।

ਐਮ. ਏ. ਇੰਗਲਿਸ਼, ਦੋ ਕਿਤਾਬਾਂ ਦੇ ਰਚੇਤਾ ਅਤੇ ਲੈਕਚਰਾਰ ਰਹੇ ਸ. ਖਾਲਸਾ ਨੇ 1974 ਦੇ ਵਿਚ ਪੰਜਾਬ ਸਿਵਲ ਸਰਵਿਸ ਤੇ ਫਿਰ ਇੰਡੀਅਨ ਫੌਰਨ ਸਰਵਿਸ ਨੂੰ ਅਪਣਾ ਲਿਆ ਸੀ। ਜਕਾਰਤਾ ਵਿਖੇ ਇਹ ਸੈਕਿੰਡ ਸੈਕਰੇਟਰੀ ਰਹੇ ਜਦ ਕਿ ਬੈਂਕਾਕ ਅਤੇ ਨਾਰਵੇ ਵਿਖੇ ਉਹ ਫਸਟ ਸੈਕਟਰੀ ਰਹੇ। 1984 ਦੇ ਬਲੂ ਸਟਾਰ ਅਪ੍ਰੇਸ਼ਨ ਦੇ ਰੋਸ ਵਜੋਂ ਉਨ੍ਹਾਂ ਅਸਤੀਫਾ ਦੇ ਦਿੱਤਾ ਸੀ, ਸਰਕਾਰ ਨੇ ਕਈ ਸਾਲ ਕੇਸ ਵੀ ਚਲਾਇਆ ਅਤੇ ਉਹ 1990 'ਚ ਨਾਰਵੇ ਤੋਂ ਵਾਪਿਸ ਇੰਡੀਆ ਚਲੇ ਗਏ।

## ਵਿਟਾਮਿਨ ਏ ਦੀ ਵੱਧ ਵਰਤੋਂ ਨਾਲ ਹੱਡੀਆਂ ਕਮਜ਼ੋਰ ਹੋਣ ਦਾ ਡਰ

ਲੰਡਨ, 11 ਅਕਤੂਬਰ (ਪੋਸਟ ਬਿਊਰੋ)- ਵਿਟਾਮਿਨ 'ਏ' ਦੀ ਬਹੁਤ ਜ਼ਿਆਦਾ ਵਰਤੋਂ ਨਾਲ ਹੱਡੀਆਂ ਦਾ ਵਾਲਿਊਮ ਘੱਟ ਹੋ ਸਕਦਾ ਅਤੇ ਉਨ੍ਹਾਂ ਦੇ ਕਮਜ਼ੋਰ ਹੋਣ ਦੇ ਨਾਲ ਉਨ੍ਹਾਂ ਦੇ ਟੁੱਟਣ ਦਾ ਖਤਰਾ ਵਧ ਜਾਂਦਾ ਹੈ। ਚੂਹਿਆਂ 'ਤੇ ਕੀਤੇ ਗਏ ਇਕ ਅਧਿਐਨ ਵਿੱਚ ਅਜਿਹਾ ਦਾਅਵਾ ਕੀਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਅਧਿਐਨ ਵਿੱਚ ਪਾਇਆ ਗਿਆ ਕਿ ਇਨਸਾਨਾਂ ਵਿੱਚ ਵਿਟਾਮਿਨ ਏ ਦੀ ਬੱਝਵੀਂ ਰੋਜ਼ਾਨਾ ਖੁਰਾਕ (ਆਰ ਡੀ ਏ) ਨਾਲ 4.5 ਤੋਂ 13 ਗੁਣਾ ਵੱਧ ਅਤੇ ਨਿਰੰਤਰ ਸੇਵਨ ਨਾਲ ਹੱਡੀਆਂ ਵਿੱਚ ਬਹੁਤ ਜ਼ਿਆਦਾ ਕਮਜ਼ੋਰੀ ਆ ਜਾਂਦੀ ਹੈ। ਸਵੀਡਨ ਦੀ ਯੂਨੀਵਰਸਿਟੀ ਆਫ ਗੋਥਨਬਰਗ ਦੇ ਖੋਜਕਰਤਾਵਾਂ ਨੇ ਕਿਹਾ ਕਿ ਅਧਿਐਨ ਵਿੱਚ ਲੋਕਾਂ ਨੂੰ ਆਪਣੇ ਖੁਰਾਕ ਵਿੱਚ ਵਿਟਾਮਿਨ ਏ ਵੱਧ ਸ਼ਾਮਲ ਕਰਨ ਬਾਰੇ ਚੌਕਸ ਹੋਣ ਦੀ ਸਲਾਹ ਦਿੱਤੀ ਗਈ ਹੈ।

ਵਿਟਾਮਿਨ ਏ ਵਿਕਾਸ, ਦ੍ਰਿਸ਼ਟੀ, ਰੋਗ ਵਿਰੋਧੀ ਸਮਰੱਥਾ ਅਤੇ ਅੰਗਾਂ ਦੇ ਸਹੀ ਢੰਗ ਨਾਲ ਕੰਮ ਕਰਨ ਸਮੇਤ ਕਈ ਜੈਵਿਕ ਪ੍ਰਕਿਰਿਆਵਾਂ ਲਈ ਮਹੱਤਵ ਪੂਰਨ ਹੁੰਦਾ ਹੈ। ਸਾਡਾ ਸਰੀਰ ਵਿਟਾਮਿਨ ਏ ਬਣਾਉਣ ਵਿੱਚ ਅਸਮਰੱਥ ਹੁੰਦਾ ਹੈ, ਪਰ ਮਾਸ, ਦੁੱਧ ਉਤਪਾਦਕਾਂ ਅਤੇ ਸਬਜ਼ੀਆਂ ਵਾਲੀ ਖੁਰਾਕ ਸਰੀਰ ਦੇ ਪੋਸ਼ਕ ਤੱਤਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਹੀ ਹਨ। ਖੋਜਕਰਤਾਵਾਂ ਅਨੁਸਾਰ ਜੋ ਲੋਕ ਵਿੱਚ ਵਿਟਾਮਿਨ ਏ ਦੀ ਵਾਧੂ ਖੁਰਾਕ ਵੱਧ ਲੈਂਦੇ ਹਨ, ਉਨ੍ਹਾਂ ਦੀਆਂ ਹੱਡੀਆਂ ਨੂੰ ਨੁਕਸਾਨ ਹੋਣ ਦਾ ਡਰ ਵਧ ਜਾਂਦਾ ਹੈ। ਇਹ ਅਧਿਐਨ ਜਰਨਲ ਆਫ ਐਂਡੋਕ੍ਰਾਈਨੋਲਾਜੀ ਵਿੱਚ ਪ੍ਰਕਾਸ਼ਿਤ ਹੋਇਆ ਹੈ।

## ਹਜ਼ਾਰਾਂ ਦਰੱਖਤ ਲਾ ਚੁੱਕਾ ਪਾਰਕਾਂ 'ਚ ਪੰਜਾਬੀ ਨੌਜਵਾਨ ਮਾਰਸ਼ਲ ਵਾਲੀਆ

### * ਹਰ ਹਫਤੇ 10 ਘੰਟੇ ਦੇਸ਼ ਦੇ ਲੇਖੇ ਲਗਾਉਂਦਾ ਹੈ * ਕਮਿਊਨਿਟੀ ਵਰਕ ਵਾਸਤੇ ਕਿਸੇ ਲੀਡਰ ਦੀ ਲੋੜ ਨਹੀਂ



ਆਕਲੈਂਡ 11 ਅਕਤੂਬਰ (ਹਰਜਿੰਦਰ ਸਿੰਘ ਬਸਿਆਲਾ) -ਕਹਿੰਦੇ ਨੇ ਜਿਸ ਦੇਸ਼ ਦੇ ਵਿਚ ਰਹਿੰਦੇ ਹੋਈਏ ਉਹਦਾ ਬੁਰਾ ਨਹੀਂ ਤੱਕੀ ਦਾ, ਪਰ ਗੱਲ ਇਥੇ ਖਤਮ ਨਹੀਂ ਹੁੰਦੀ ਗੋਰੇ ਕਹਿੰਦੇ ਨੇ ਸੰਤੁਸ਼ਟੀ ਤੋਂ ਅੱਗੇ (2 ) ਜਾਣਾ ਚਾਹੀਦਾ ਹੈ। ਇਕ ਪੰਜਾਬੀ ਨੌਜਵਾਨ ਮਾਰਸ਼ਲ ਵਾਲੀਆ ਜੋ ਕਿ 2010 ਦੇ ਵਿਚ ਬਨੂੜ (ਪਟਿਆਲਾ) ਤੋਂ ਇਥੇ ਆਇਆ ਅਤੇ ਐਮ. ਆਈ. ਟੀ. ਤੋਂ ਪੜ੍ਹਾਈ ਕਰਕੇ ਇਸ ਵੇਲੇ ਇਕ ਬਿਜਲਈ ਕੰਪਨੀ ਦੇ ਵਿਚ ਆਪ੍ਰੇਸ਼ਨਲ ਮੈਨੇਜਰ ਹੈ। ਇਸ ਨੌਜਵਾਨ ਨੇ ਇਸ ਦੇਸ਼ ਨੂੰ ਕੀ ਵਾਪਿਸ ਕੀਤਾ ਜਾਵੇ? ਦੇ ਜਵਾਬ ਵਿਚ ਸਮਾਜਿਕ ਕਾਰਜਾਂ ਨੂੰ ਚੁਣ ਲਿਆ। ਇਹ ਸ਼ਾਇਦ ਇਕੋ-ਇਕ ਪੰਜਾਬੀ ਨੌਜਵਾਨ ਹੈ ਜੋ ਕਿ ਗੋਰਿਆਂ ਦੀਆਂ ਸੰਸਥਾਵਾਂ ਦੇ ਨਾਲ ਇਕੱਲੇ ਤੌਰ 'ਤੇ ਹੀ ਜੁੜ ਕੇ ਸਮਾਜਿਕ ਕਾਰਜਾਂ ਵਿਚ ਸ਼ਾਮਿਲ ਹੁੰਦਾ ਹੈ। ਜਿਵੇਂ ਨਵੇਂ ਵੱਖ-ਵੱਖ ਪਾਰਕਾਂ ਦੇ ਵਿਚ ਬੂਟੇ ਲਾਉਣੇ, ਖੂਨ ਦਾਨ ਕਰਨਾ, ਹੋਸਪਿਕ ਵਰਗੀਆਂ ਸੰਸਥਾਵਾਂ ਦੇ ਲਈ ਫੰਡ ਰੇਜਿੰਗ ਕਰਨੀ ਆਦਿ। ਮਾਰਸ਼ਲ ਦਾ ਕਹਿਣਾ ਹੈ ਕਿ ਨਿਊਜ਼ੀਲੈਂਡ ਦੇ ਵਿਚ ਰਹਿਣਾ ਲਈ ਜਿਆਦਾ ਘੰਟੇ ਕੰਮ ਅਤੇ ਸਖਤ ਮਿਹਨਤ ਕਰਨੀ ਹੁੰਦੀ ਹੈ ਅਤੇ ਮੁਸ਼ਕਿਲ ਨਾਲ ਕਮਿਊਨਿਟੀ ਕਾਰਜਾਂ ਲਈ ਨਿਕਲਦਾ ਹੈ ਪਰ ਉਹ ਹਰ ਮਹੀਨੇ 10 ਘੰਟੇ ਪੱਕੇ ਕੱਢਦਾ ਹੈ। ਇਹ ਸਮਾਂ ਬਹੁਤ ਹੀ ਅਮੀਰੀ ਭਰਿਆ ਅਤੇ ਖੁਸ਼ੀ ਭਰਿਆ ਹੁੰਦਾ ਹੈ। ਮੁੱਢਲੇ ਦਿਨਾਂ ਦੇ ਵਿਚ ਇਸਦੇ ਕੰਮ ਦੌਰਾਨ ਹੀ ਇਸਦੇ ਮੈਨੇਜਰ ਨੇ ਇਸਨੂੰ ਕੰਪਨੀ ਕਮਿਊਨਿਟੀ ਲੀਡਰ ਬਣਾ ਦਿੱਤਾ ਸੀ। ਇਸਨੇ ਕਈ ਖੇਤਰਾਂ ਦੇ ਵਿਚ ਚੱਲੇ ਸਫਾਈ ਅਭਿਆਨਾਂ ਦੇ ਵਿਚ ਹਿੱਸਾ ਲਿਆ। ਆਕਲੈਂਡ ਕੌਂਸਿਲ ਦੀਆਂ ਪਾਰਕਾਂ ਦੇ ਵਿਚ ਹੁਣ ਤੱਕ ਇਹ 10,000 ਦੇ ਕਰੀਬ ਬੂਟੇ ਲਗਾਉਣ ਵਿਚ 'ਮੈਨੁਕਾਓ ਬਿਊਟੀਫਿਕੇਸ਼ਨ ਚੈਰੀਟੇਬਲ ਟ੍ਰਸਟ', 'ਸਸਟੇਨੇਬਲ ਕੋਸਟਲਾਈਨ' ਅਤੇ 'ਕੰਜਰਵੇਸ਼ਨ ਨਿਊਜ਼ੀਲੈਂਡ' ਵਰਗੀਆਂ ਸੰਸਥਾਵਾਂ ਦੇ ਨਾਲ ਸਹਿਯੋਗ ਕਰ ਚੁੱਕਾ ਹੈ। ਟੋਟਾਰਾ ਹੌਸਪਿਕ ਅਤੇ ਐਮਬੂਰੀ ਪਾਰਕ ਦੇ ਵਿਚ ਇਹ ਕਾਫੀ ਕੰਮ ਕਰਦਾ ਹੈ। ਬੀਤੇ ਦਿਨੀਂ ਇਸਨੂੰ ਹੌਸਪਿਕ ਟੋਟਾਰਾ ਸੰਸਥਾ ਵੱਲੋਂ ਪ੍ਰਸੰਸ਼ਾ ਪੱਤਰ ਵੀ ਦਿੱਤਾ ਗਿਆ ਤੇ ਇਹ ਇਕੋ-ਇਕ ਪੰਜਾਬੀ ਨੌਜਵਾਨ ਸੀ। ਇਸ ਮੁੰਡੇ ਦਾ ਕਹਿਣਾ ਹੈ ਕਿ ਕਮਿਊਨਿਟੀ ਕਾਰਜਾਂ ਵਾਸਤੇ ਕਿਸੇ ਲੀਡਰ ਦੀ ਜਰੂਰਤ ਨਹੀਂ ਹੁੰਦੀ ਸਗੋਂ ਵਿਅਕਤੀ ਤੋਂ ਵਿਅਕਤੀ ਇਹ ਕਾਰਜ ਕੀਤਾ ਜਾ ਸਕਦਾ ਹੈ। ਉਹ ਇਸ ਦੇਸ਼ ਨੂੰ ਜੇ ਕੁਝ ਮੋੜਨਾ ਚਾਹੁੰਦਾ ਹੈ ਤਾਂ ਉਹ ਸਮਾਜਿਕ ਕਾਰਜ। ਸਥਾਨਕ ਚੈਰੀਟੇਬਲ ਸੰਸਥਾਵਾਂ ਦੇ ਵਿਚ ਇਹ ਨੌਜਵਾਨ ਭਾਰਤੀ ਕਮਿਊਨਿਟੀ ਦਾ ਨਾਂਅ ਉਚਾ ਕਰ ਰਿਹਾ ਹੈ ਜੋ ਕਿ ਸਭ ਲਈ ਸਲਾਹੁਣਯੋਗ ਹੈ। ਆਸ ਹੈ ਮਾਰਸ਼ਲ ਵਾਲੀਆ ਇਸੇ ਤਰ੍ਹਾਂ ਇਥੇ ਆਪਣੇ ਭਾਈਚਾਰੇ ਦਾ ਨਾਂਅ ਹੋਰ ਨਿਖਾਰਦਾ ਰਹੇਗਾ।

## 900 ਕਿੱਲੋ ਭਾਰੇ ਸਿੱਕੇ ਲੈ ਕੇ ਬੀ ਐਮ ਡਬਲਿਊ ਖਰੀਦਣ ਪਹੁੰਚ ਗਿਆ ਇੱਕ ਬੰਦਾ

ਬੀਜਿੰਗ, 11 ਅਕਤੂਬਰ (ਪੋਸਟ ਬਿਊਰੋ)- ਚੀਨ ਵਿੱਚ ਇਕ ਹੈਰਾਨ ਕਰਨ ਵਾਲੀ ਘਟਨਾ ਵਾਪਰੀ ਹੈ। ਤਾਂਨਗਰੇਨ ਸ਼ਹਿਰ ਵਿਚ ਇਕ ਵਿਅਕਤੀ ਨੇ ਬੀ ਐੱਮ ਡਬਲਿਊ ਲੈਣੀ ਸੀ, ਉਹ ਕਾਰ ਖਰੀਦਣ ਲਈ ਨੋਟ ਨਹੀਂ, ਸਿੱਕੇ ਲੈ ਗਿਆ।

ਪੇਸ਼ੇ ਵਜੋਂ ਡਰਾਈਵਰ 48 ਹਜ਼ਾਰ ਯੂਆਨ (ਕਰੀਬ 51.66 ਲੱਖ ਰੁਪਏ) ਦੇ ਸਿੱਕੇ ਲੈ ਕੇ ਕਾਰ ਖਰੀਦਣ ਚਲਾ ਗਿਆ। ਇਨ੍ਹਾਂ ਸਿੱਕਿਆਂ ਨੂੰ ਗਿਣਨ ਲਈ ਸ਼ੋਅ ਰੂਮ ਵਿਚ 11 ਬੈਂਕ ਕਰਮਚਾਰੀ ਅਤੇ ਸਿੱਕੇ ਗਿਣਨ ਵਾਲੀ ਮਸ਼ੀਨ ਲਾਉਣੀ ਪਈ। ਤਕਰੀਬਨ 10 ਘੰਟੇ ਇਨ੍ਹਾਂ ਸਿੱਕਿਆਂ ਨੂੰ ਗਿਣਨ ਵਿਚ ਲੱਗੇ, ਸਿੱਕਿਆਂ ਦਾ ਵਜ਼ਨ 900 ਕਿਲੋ ਸੀ। ਕਾਰ ਖਰੀਦਣ ਗਏ ਡਰਾਈਵਰ ਨੇ ਆਪਣਾ ਨਾਂ ਨਹੀਂ ਦੱਸਿਆ, ਪਰ ਉਸ ਨੇ ਦੱਸਿਆ ਕਿ ਇਹ ਉਸ ਦੀ ਜ਼ਿੰਦਗੀ ਦੀ ਕਮਾਈ ਹੈ। ਸਿੱਕੇ ਜਮਾਂ ਕਰਦੇ-ਕਰਦੇ ਇੰਨੀ ਰਕਮ ਕਦੋਂ ਜਮਾਂ ਹੋ ਗਈ, ਪਤਾ ਨਹੀਂ ਲੱਗਾ। ਕਾਰ ਖਰੀਦਣ ਦਾ ਸੁਪਨਾ ਸੀ ਅਤੇ ਇਹ ਪੂਰਾ ਕਰਨਾ ਸੀ। ਉਸ ਨੇ ਕਿਹਾ ਕਿ ਸਿੱਕੇ ਗਿਣਨ ਲਈ ਉਸ ਨੂੰ ਤੇ ਉਸ ਦੇ ਦੋਸਤਾਂ ਨੂੰ 4 ਦਿਨ ਲੱਗ ਗਏ ਸਨ। ਉਸ ਨੇ ਇਨ੍ਹਾਂ ਸਿੱਕਿਆਂ ਨੂੰ ਬਦਲ ਕੇ ਨੋਟ ਲੈਣ ਬਾਰੇ ਕਦੇ ਨਹੀਂ ਸੋਚਿਆ।

ਡਰਾਈਵਰ ਦਾ ਕਹਿਣਾ ਹੈ ਕਿ ਜਦੋਂ ਉਹ ਕਾਰ ਖਰੀਦਣ ਸ਼ੋਅ ਰੂਮ ਪਹੁੰਚਿਆ ਤਾਂ ਸਟਾਫ ਬਹੁਤ ਖੁਸ਼ ਹੋਇਆ, ਉਨ੍ਹਾਂ ਨੇ ਉਸ ਦਾ ਸਵਾਗਤ ਕੀਤਾ, ਪਰ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਪੂਰਾ ਭੁਗਤਾਨ ਨੋਟਾਂ ਨਾਲ ਨਹੀਂ, ਸਿੱਕਿਆਂ ਨਾਲ ਕਰੇਗਾ ਤਾਂ ਸਟਾਫ ਹੈਰਾਨ ਰਹਿ ਗਿਆ। ਉਸ ਨੂੰ ਕਿਹਾ ਗਿਆ ਕਿ ਸਿੱਕਿਆਂ ਤੋਂ ਕਿਵੇਂ ਭੁਗਤਾਨ ਹੋਵੇਗਾ। ਫਿਰ ਸ਼ੋਅ ਰੂਮ ਦੇ ਮਾਲਕ ਨੇ ਬੈਂਕ ਦੀ ਮਦਦ ਮੰਗੀ। ਇਸ ਤੋਂ ਬਾਅਦ 11 ਬੈਂਕ ਕਰਮਚਾਰੀ ਅਤੇ ਸਿੱਕੇ ਗਿਣਨ ਦੀ ਮਸ਼ੀਨ ਭੇਜੀ ਗਈ, ਤਾਂ ਜਾ ਕੇ ਉਹ ਕਾਰ ਖਰੀਦ ਸਕਿਆ।


For All Electrical Work/ਬਿਜਲੀ ਦਾ ਕੋਈ ਵੀ ਕੰਮ ਹੋਵੇ



- Residential/Commercial/Industrial
- Basement Electrical Wiring
- Service Panel Upgrading
- Fire Alarm
- Driveway Lights

Save UPTO 40 TO 50% On Your HYDRO BILL

LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ

Contact: Nirmal Singh Johal(Certified Electrician)647-716-2677



DIXIE
Registered Private Career College

TRUCK & FORKLIFT DRIVING SCHOOL
CLASS A,Z & FORKLIFT TRAINING

Contact Us for Great Results, Early Road Tests & Flexible Timing

- Special Training For Nervous Drivers
- Lady Instructor Available
- One to One Training

Forklift $79
Air Brake
Truck Driving Course

- Counter Balance
- Order Picker
- Raymond Reach
- Walkie
- Cheery Picker

AIR BRAKES CLASSES EVERY WED - THURS & SAT - SUN

Off: 905-452-3633/905-671-3633
Call MANN 416.629.4454
30 Hale Road Unit 1, Brampton ON, L6W 4N9



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

Your Travel Safety
Our Priority

JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7



# ਸੰਪਾਦਕੀ

## ਟਰੂਡੋ ਸਰਕਾਰ ਨੂੰ ਅੱਤਿਵਾਦੀ ਵਾਪਸ ਲਿਆਉਣ ਬਾਰੇ ਚੁੱਪ ਤੋੜਨ ਦੀ ਲੋੜ

ਕੈਨੇਡਾ ਤੋਂ ਭੱਜ ਕੇ ਸੀਰੀਆ, ਇਰਾਕ ਜਾਂ ਹੋਰ ਮੱਧ ਪੂਰਬੀ ਮੁਲਕਾਂ ਵਿੱਚ ਬਦਨਾਮ ਅਤਿਵਾਦੀ ਜੱਥੇਬੰਦੀ ਆਈਸਿਸ (ISIS) ਦੇ ਲੜਾਕੂ ਬਣੇ ਕੈਨੇਡੀਅਨਾਂ ਨੂੰ ਵਾਪਸ ਲਿਆਉਣ ਬਾਰੇ ਸਾਡੇ ਪਬਲਿਕ ਸੇਫਟੀ ਮੰਤਰੀ ਰਾਲਫ ਗੁੱਡੇਲ ਚੁੱਪ ਹਨ ਅਤੇ ਉਹਨਾਂ ਵਾਂਗੂੰ ਹੀ ਚੁੱਪ ਹਨ ਪ੍ਰਧਾਨ ਮੰਤਰੀ।

ਇਹ ਚੁੱਪ ਉਸ ਸੰਦਰਭ ਵਿੱਚ ਹੋਰ ਵੀ ਭੇਦਭਰੀ ਹੋ ਜਾਂਦੀ ਹੈ ਜਦੋਂ ਕੈਨੇਡੀਅਨ ਡਾਲਰਾਂ ਦੀ ਸਹਾਇਤਾ ਨਾਲ ਆਈਸਿਸ ਦੇ ਖਿਲਾਫ਼ ਲੜ ਰਹੇ ਕੁਰਦਿਸ਼ ਗਰੁੱਪ ਵੱਲੋਂ ਕੈਨੇਡਾ ਤੋਂ ਇਹਨਾਂ ਕੈਨੇਡੀਅਨ ਅਤਿਵਾਦੀਆਂ ਨੂੰ ਵਾਪਸ ਲੈਣ ਦੀ ਮੰਗ ਕੀਤੀ ਜਾਂਦੀ ਹੈ। ਕੁਰਦਿਸ਼ ਅਧਿਕਾਰੀਆਂ ਨੇ ਤਕਰੀਬਨ 900 ਵਿਦੇਸ਼ੀ ਆਈਸਿਸ ਲੜਾਕੂ, ਉਹਨਾਂ ਦੀਆਂ 500 ਤੋਂ ਵੱਧ ਪਤਨੀਆਂ ਅਤੇ 1000 ਤੋਂ ਜ਼ਿਆਦਾ ਬੱਚਿਆਂ ਨੂੰ ਬੰਦੀ ਬਣਾਇਆ ਹੋਇਆ ਹੈ। ਕੁਰਦਿਸ਼ ਅਧਿਕਾਰੀ ਚਾਹੁੰਦੇ ਹਨ ਕਿ ਜਿਹਨਾਂ ਮੁਲਕਾਂ ਦੇ ਇਹ ਅਤਿਵਾਦੀ ਹਨ, ਉਹ ਆਪਣੇ ਸ਼ਹਿਰੀਆਂ ਨੂੰ ਵਾਪਸ ਲੈਣ। ਇਹਨਾਂ ਵਿੱਚੋਂ ਇੱਕ ਦਰਜਨ ਦੇ ਕਰੀਬ ਕੈਨੇਡੀਅਨ ਸਿਟੀਜ਼ਨ ਹਨ। ਗਲੋਬਲ ਨਿਊਜ਼ ਏਜੰਸੀ ਵੱਲੋਂ ਸਰਕਾਰੀ ਸ੍ਰੋਤਾਂ ਤੋਂ ਪ੍ਰਾਪਤ ਕੀਤੀ ਗਈ ਜਾਣਕਾਰੀ ਮੁਤਾ-ਬਕ 130 ਦੇ ਕਰੀਬ ਕੈਨੇਡੀਅਨ ਆਈਸਿਸ ਦੇ ਗੈਰਮਨੁੱਖੀ ਘੋਲ ਵਿੱਚ ਸ਼ਾਮਲ ਹੋਣ ਲਈ ਭੱਜੇ ਹੋਏ ਹਨ।

ਫੈਡਰਲ ਸਰਕਾਰ ਨੂੰ ਕਈ ਫਰੰਟਾਂ ਉੱਤੇ ਆਈਸਿਸ ਅਤਿਵਾਦ ਨਾਲ ਜੂਝਣਾ ਪੈ ਰਿਹਾ ਹੈ। ਅਪਰੈਲ 2018 ਵਿੱਚ ਕੈਨੇਡਾ, ਅਮਰੀਕਾ ਅਤੇ ਹਾਲੈਂਡ ਦੀਆਂ ਖੁਫੀਆ ਏਜੰਸੀਆਂ ਨੇ ਇੱਕ ਸਾਂਝੀ ਮਸ਼ਕ ਕੀਤੀ ਸੀ ਜਿਸਦੀ ਬਦੌਲਤ ਕੈਨੇਡਾ ਵਿੱਚ ਆਈਸਿਸ ਦੇ ਕਈ ਇੰਟਰਨੈੱਟ ਸਰਵਰ ਫੜੇ ਗਏ ਸਨ। ਆਈਸਿਸ ਨੇ ਆਪਣੇ ਨਾਪਾਕ ਇਰਾਦਿਆਂ ਨੂੰ ਸਰਅੰਜ਼ਾਮ ਦੇਣ, ਕੈਨੇਡਾ ਵਰਗੇ ਮੁਲਕਾਂ ਵਿੱਚੋਂ ਅਤਿਵਾਦੀ ਰੰਗਰੂਟ ਕਰਨ ਲਈ ਵੱਡੇ ਪੱਧਰ ਉੱਤੇ ਸੋਸ਼ਲ ਮੀਡੀਆ ਦਾ ਇਸਤੇਮਾਲ ਕੀਤਾ ਹੈ। ਕੈਨੇਡਾ, ਇੰਗਲੈਂਡ, ਆਸਟਰੇਲੀਆ ਅਤੇ ਅਮਰੀਕਾ ਵਰਗੇ ਮੁਲਕਾਂ ਤੋਂ ਗਏ ਅਤਿਵਾਦੀਆਂ ਨੂੰ ਬੰਬਾਰੀ, ਕਤਲਾਂ ਆਦਿ ਤੋਂ ਇਲਾਵਾ ਗਏ ਅੰਗਰੇਜ਼ੀ ਭਾਸ਼ਾ ਵਿਚ ਪ੍ਰਾਪੇਗੰਡਾ ਕਰਨ ਲਈ ਵੀ ਵਰਤਿਆ ਜਾਂਦਾ ਹੈ।

ਅਮਰੀਕਾ, ਇੰਗਲੈਂਡ ਆਦਿ ਇਸ ਗੱਲ ਨੂੰ ਸਪੱਸ਼ਟ ਮੰਨਦੇ ਹਨ ਕਿ ਇਹਨਾਂ ਮੁਲਕਾਂ ਵਿੱਚੋਂ ਭੱਜੇ ਅਤਿਵਾਦੀਆਂ ਨੂੰ ਮਾਰਨ ਲਈ ਉਹਨਾਂ ਦੀਆਂ ਫੌਜਾਂ ਵੱਲੋਂ ਨਿਸ਼ਾਨੇ ਸੇਧੇ ਜਾਂਦੇ ਹਨ। ਕੈਨੇਡੀਅਨ ਫਾਈਟਰ ਜਹਾਜ਼ਾਂ ਵੱਲੋਂ ਵੀ ਕੈਨੇਡਾ ਤੋਂ ਗਏ ਅਤਿਵਾਦੀਆਂ ਨੂੰ ਬੰਬਾਰੀ ਰਾਹੀਂ ਮਾਰੇ ਜਾਣ ਦੀਆਂ ਖਬਰਾਂ ਹਨ ਪਰ ਸਰਕਾਰ ਇਹਨਾਂ ਮੌਤਾਂ ਨੂੰ ਕਬੂਲ ਨਹੀਂ ਕਰ ਰਹੀ। ਸ਼ਾਇਦ ਇਸ ਲਈ ਕਿਉਂਕਿ ਅਜਿਹਾ ਕਰਨਾ ਲਿਬਰਲ ਪਾਰਟੀ ਦੇ ਜਨਤਕ ਸਟੈਂਡ ਦੇ ਵਿਰੁੱਧ ਜਾਂਦਾ ਹੈ। ਚੇਤੇ ਰਹੇ ਕਿ ਟਰੂਡੋ ਸਰਕਾਰ ਨੇ ਬਿੱਲ ਸੀ 6 ਪਾਸ ਕਰਕੇ ਉਸ ਕਨੂੰਨ ਨੂੰ ਖਤਮ ਕਰ ਦਿੱਤਾ ਸੀ ਜਿਸ ਨਾਲ ਅਤਿਵਾਦੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਵਾਲਿਆਂ ਦੀ ਕੈਨੇਡੀਅਨ ਸਿਟੀਜ਼ਨ ਰੱਦ ਕੀਤੀ ਜਾ ਸਕਦੀ ਸੀ।

ਬਿੱਲ ਸੀ 6 ਪਾਸ ਹੋਣ ਤੋਂ ਬਾਅਦ ਸੱਭ ਤੋਂ ਵੱਡਾ ਲਾਭ ਜ਼ਕਾਰੀਆ ਅਮਾਰਾ ਅਤਿਵਾਦੀ ਨੂੰ ਹੋਇਆ ਸੀ ਜੋ ਟੋਰਾਂਟੋ 18 ਦਾ ਮੈਂਬਰ ਸੀ। ਜ਼ਕਾਰੀਆ ਅਮਾਰਾ ਸਮੇਤ ਟੋਰਾਂਟੋ 18 ਗਰੁੱਪ ਦੇ ਮੈਂਬਰਾਂ ਉੱਤੇ ਡਾਊਨ ਟਾਊਨ ਟੋਰਾਂਟੋ ਵਿੱਚ ਬੰਬਾਂ ਨਾਲ ਭਰਿਆ ਟਰੱਕ ਫੋੜਨ, ਕੈਨੇਡਾ ਦੀ ਪਾਰਲੀਮੈਂਟ ਨੂੰ ਬੰਬਾਂ ਨਾਲ ਉਡਾਉਣ ਅਤੇ ਪ੍ਰਧਾਨ ਮੰਤਰੀ ਦਾ ਸਿਰ ਕਲਮ ਕਰਨ ਦੇ ਦੋਸ਼ ਲਾਏ ਗਏ ਸਨ। ਗਲੋਬਲ ਨਿਊਜ਼ ਏਜੰਸੀ ਵੱਲੋਂ ਪ੍ਰਾਪਤ ਸਰਕਾਰੀ ਦਸਤਾਵੇਜ਼ ਦੱਸਦੇ ਹਨ ਕਿ ਜੇ ਸੀਰੀਆ/ਇਰਾਕ ਵਿੱਚੋਂ ਫੜੇ ਗਏ ਅਤਿਵਾਦੀ ਵਾਪਸ ਆ ਗਏ ਤਾਂ ਆਰ ਸੀ ਐਮ ਪੀ ਕੋਲ ਉਹਨਾਂ ਵਿਰੁੱਧ ਦੋਸ਼ ਆਇਦ ਕਰਨ ਦੀਆਂ ਹੀ ਤਾਕਤਾਂ ਨਹੀਂ ਹਨ। ਇਹੀ ਗੱਲ ਸਰਕਾਰ ਨੂੰ ਸੱਭ ਤੋਂ ਵਧੇਰੇ ਭੈਅਭੀਤ ਕਰ ਰਹੀ ਹੈ।

ਕਿਸੇ ਵੇਲੇ ਇੱਕ ਓਮਰ ਖਾਦਰ ਫੜਿਆ ਗਿਆ ਸੀ ਅਤੇ ਉਸਨੂੰ ਦਿੱਤੇ ਗਏ ਡੇਢ ਮਿਲੀਅਨ ਦੇ ਕਰੀਬ ਮੁਆਵਜ਼ੇ ਦੇ ਜ਼ਖਮ ਵੱਡੀ ਗਿਣਤੀ ਵਿੱਚ ਕੈਨੇਡੀਅਨਾਂ ਨੂੰ ਹਾਲੇ ਤੱਕ ਚੁਭ ਰਹੇ ਹਨ। ਖਾਦਰ ਕਿੱਸੇ ਤੋਂ ਉਪਜੇ ਸਿੱਟਿਆਂ ਤੋਂ ਟਰੂਡੋ ਸਰਕਾਰ ਭਲੀ ਭਾਂਤ ਜਾਣੂੰ ਹੈ। ਲਿਬਰਲ ਸਰਕਾਰ ਇਸ ਗੱਲ ਤੋਂ ਵੀ ਜਾਣੂੰ ਹੈ ਕਿ ਉਸਨੇ ਅਤਿਵਾਦੀਆਂ ਅਤੇ ਕੈਨੇਡਾ ਵਿਰੁੱਧ ਦੇਸ਼ਧਰੋਹੀ ਕਮਾਉਣ ਵਾਲੇ ਲੋਕਾਂ ਨੂੰ ਮੁਆਫ਼ ਕਰਨ ਦਾ ਸਿਆਸੀ ਸਟੰਟ ਖੇਡਿਆ ਹੋਇਆ ਹੈ। 2019 ਦੀਆਂ ਚੋਣਾਂ ਦੇ ਸਨਮੁਖ ਸਰਕਾਰ ਕੁੱਝ ਵੀ ਅਜਿਹਾ ਤੋਂ ਘਬਰਾਉਂਦੀ ਹੈ ਜਿਸ ਨਾਲ ਕੈਨੇਡੀਅਨਾਂ ਦੇ ਓਮਰ ਖਾਦਰ ਵਰਗੇ ਚੇਤਿਆਂ ਦੀਆਂ ਸੁੱਤੀਆਂ ਕਲਾਵਾਂ ਜਾਗ ਪੈਣ। ਪਰ ਸੁਆਲ ਹੈ ਕਿ ਆਖਰ ਸਰਕਾਰ ਕੌੜੇ ਸੁਆਲਾਂ ਤੋਂ ਬਚਦੀ ਕਦੋਂ ਤੱਕ ਰਹੇਗੀ?

ਅੱਜ ਕਈ ਓਮਰ ਖਾਦਰ ਹਨ ਜੋ ਵਿਦੇਸ਼ਾਂ ਤੋਂ ਵਾਪਸ ਪਰਤਣ ਲਈ ਕਰਵਟਾਂ ਲੈ ਰਹੇ ਹਨ। ਇਹਨਾਂ ਵਿੱਚ ਮਿਸੀਸਾਗਾ ਵਾਸੀ 28 ਸਾਲਾ ਮੁਹੰਮਦ ਅਲੀ ਹੈ ਜੋ ਨਿਊਯਾਰਕ ਟਾਈਮਜ਼ ਕੋਲ ਸਿੱਧੇ ਪ੍ਰਸਾਰਣ ਵਿੱਚ ਕੀਤੇ ਕਤਲਾਂ ਆਦਿ ਨੂੰ ਕਬੂਲ ਕਰ ਚੁੱਕਾ ਹੈ। ਇੱਕ ਮਾਂਟਰੀਅਲ ਵਾਸੀ 3 ਬੱਚਿਆਂ ਦੀ 23 ਸਾਲਾ ਮਾਂ ਹੈ ਜਿਸਦੇ ਤਿੰਨੇ ਬੱਚੇ ਸੀਰੀਆ ਵਿੱਚ ਉਸਦੇ ਜਰਮਨੀ ਤੋਂ ਸੀਰੀਆ ਵਿੱਚ ਆਏ ਆਈਸਿਸ ਲੜਾਕੂ ਪਤੀ ਤੋਂ ਪੈਦਾ ਹੋਏ। ਗਲੋਬਲ ਨਿਊਜ਼ ਨੂੰ ਦਿੱਤੀ ਇੱਕ ਇੰਟਰਵਿਊ ਵਿੱਚ ਇਹ ਔਰਤ ਆਖ ਰਹੀ ਹੈ, "ਮੇਰਾ ਦੇਸ਼ (ਕੈਨੇਡਾ) ਮੇਰੇ ਲਈ ਕੁੱਝ ਨਹੀਂ ਕਰ ਰਿਹਾ। ਕਿਸੇ ਨੂੰ ਸਾਡੀ ਕੋਈ ਪਰਵਾਹ ਨਹੀਂ ਹੈ"।

ਪਰਵਾਹ ਤੋਂ ਇਸ ਔਰਤ ਦਾ ਮਕਸਦ ਓਮਰ ਖਾਦਰ ਵਾਗੂੰ ਮਿਲੀਅਨ ਡਾਲਰ ਮੁਆਵਜ਼ਾ ਮਿਲਣਾ ਵੀ ਹੋ ਸਕਦਾ ਹੈ। ਸਰਕਾਰ ਨੂੰ ਇਸ ਮਾਮਲੇ ਉੱਤੇ ਚੁੱਪ ਤੋੜਨ ਦਾ ਸਮਾਂ ਆ ਚੁੱਕਾ ਹੈ।

## ਸੁਪਰੀਮ ਕੋਰਟ ਨੇ ਅਮਰਪਾਲੀ ਦੀਆਂ ਨੌਂ ਜਾਇਦਾਦਾਂ ਸੀਲ ਕਰਨ ਦਾ ਹੁਕਮ ਚਾੜ੍ਹਿਆ



ਨਵੀਂ ਦਿੱਲੀ, 11 ਅਕਤੂਬਰ (ਪੋਸਟ ਬਿਊਰੋ)- ਅਮਰਪਾਲੀ ਗਰੁੱਪ ਦੀਆਂ ਨੌਂ ਜਾਇਦਾਦਾਂ ਨੂੰ ਸੁਪਰੀਮ ਕੋਰਟ ਨੇ ਸੀਲ ਕਰਨ ਦਾ ਆਦੇਸ਼ ਜਾਰੀ ਕਰ ਦਿੱਤਾ ਹੈ, ਜਿਥੇ ਗਰੁੱਪ ਦੀਆਂ 46 ਕੰਪਨੀਆਂ ਦੇ ਦਸਤਾਵੇਜ਼ ਰੱਖੇ ਹੋ ਸਕਦੇ ਹਨ। ਕੋਰਟ ਨੇ ਜਾਇਦਾਦਾਂ ਸੀਲ ਕਰਕੇ ਚਾਬੀ ਸੁਪਰੀਮ ਕੋਰਟ ਦੇ ਰਜਿਸਟਰਾਰ ਨੂੰ ਦੇਣ ਦਾ ਆਦੇਸ਼ ਦਿੱਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਜਿਹੜੀਆਂ ਜਾਇਦਾਦਾਂ ਸੀਲ ਕੀਤੀਆਂ ਜਾਣਗੀਆਂ ਉਨ੍ਹਾਂ 'ਚ ਸੱਤ ਜਾਇਦਾਦਾਂ ਨੋਇਡਾ ਅਤੇ ਗ੍ਰੇਟਰ ਨੋਇਡਾ ਵਿੱਚ ਹਨ, ਜਦ ਕਿ ਦੋ ਜਾਇਦਾਦਾਂ ਬਿਹਾਰ ਵਿੱਚ ਹਨ। ਵਰਨਣ ਯੋਗ ਹੈ ਕਿ ਇੱਕ ਦਿਨ ਪਹਿਲਾਂ ਸੁਪਰੀਮ ਕੋਰਟ ਨੇ ਫੋਰੈਂਸਿਕ ਆਡਿਟ ਲਈ ਗਰੁੱਪ ਦੀਆਂ 46 ਕੰਪਨੀਆਂ ਦੇ ਸਾਰੇ ਦਸਤਾਵੇਜ਼ ਪੇਸ਼ ਨਾ ਕਰਨ ਉਤੇ ਇਸ ਕੰਪਨੀ ਦੇ ਤਿੰਨ ਡਾਇਰੈਕਟਰਾਂ ਅਨਿਲ ਕੁਮਾਰ ਸ਼ਰਮਾ, ਸ਼ਿਵ ਪ੍ਰਿਆ ਅਤੇ ਅਜੈ ਕੁਮਾਰ ਨੂੰ ਹਿਰਾਸਤ 'ਚ ਭੇਜ ਦਿੱਤਾ ਸੀ। ਕੋਰਟ ਨੇ ਕਿਹਾ ਸੀ ਕਿ ਜਦੋਂ ਤੱਕ ਇਹ ਤਿੰਨ ਡਾਇਰੈਕਟਰ ਕੰਪਨੀ ਤੋਂ ਸਾਰੇ ਦਸਤਾਵੇਜ਼ ਪੇਸ਼ ਨਹੀਂ ਕਰਦੇ, ਉਦੋਂ ਤੱਕ ਪੁਲਸ ਹਿਰਾਸਤ 'ਚ ਰਹਿਣਗੇ। ਕੱਲ੍ਹ ਤਿੰਨਾਂ ਡਾਇਰੈਕਟਰਾਂ ਨੇ ਅਰਜ਼ੀ ਦਾਖਲ ਕਰਕੇ ਕੋਰਟ ਤੋਂ ਹੁਕਮ ਸਪੱਸ਼ਟ ਕਰਨ ਦੀ ਮੰਗ ਕੀਤੀ ਅਤੇ ਨਾਲ ਕਿਹਾ ਸੀ ਕਿ ਕੋਰਟ ਨੇ ਉਨ੍ਹਾਂ ਨੂੰ ਪੁਲਸ ਹਿਰਾਸਤ 'ਚ ਰੱਖਣ ਲਈ ਕਿਹਾ ਹੈ, ਪਰ ਪੁਲਸ ਨੇ ਉਨ੍ਹਾਂ ਨੂੰ ਥਾਣੇ ਦੇ ਲਾਕਅਪ ਵਿੱਚ ਬੰਦ ਕਰ ਰੱਖਿਆ ਹੈ। ਪੁਲਸ ਨੂੰ ਆਦੇਸ਼ ਦਿੱਤਾ ਜਾਵੇ ਕਿ ਉਹ ਉਨ੍ਹਾਂ ਨੂੰ ਲਾਕਅਪ ਦੀ ਬਜਾਏ ਥਾਣੇ ਵਿੱਚ ਰੱਖੇ। ਇਸ ਤੋਂ ਇਲਾਵਾ ਤਿੰਨਾਂ ਡਾਇਰੈਕਟਰਾਂ ਨੇ ਸਾਰੇ ਦਸਤਾਵੇਜ਼ ਸੌਂਪਣ ਦੀ ਗੱਲ ਕਹਿ ਕੇ ਨੌਂ ਜਾਇਦਾਦਾਂ ਦੀ ਸੂਚੀ ਕੋਰਟ ਨੂੰ ਸੌਂਪੀ ਤੇ ਕਿਹਾ ਸੀ ਕਿ ਇਨ੍ਹਾਂ ਥਾਵਾਂ 'ਤੇ ਕੰਪਨੀ ਦੇ ਸਾਰੇ ਦਸਤਾਵੇਜ਼ ਰੱਖੇ ਹਨ। ਇਨ੍ਹਾਂ ਜਾਇਦਾਦਾਂ ਤੋਂ ਦਸਤਾਵੇਜ਼ ਲੈ ਕੇ ਇਨ੍ਹਾਂ ਨੂੰ ਸੀਲ ਕੀਤਾ ਜਾਵੇ ਕਿਉਂਕਿ ਪੁਲਸ ਨੂੰ ਨਹੀਂ ਪਤਾ ਕਿਹੜੇ ਦਸਤਾਵੇਜ਼ ਚਾਹੀਦੇ ਹਨ। ਇਸ ਲਈ ਦਸਤਾਵੇਜ਼ ਪੁਲਸ ਨੂੰ ਸੌਂਪਣ ਦੇ ਆਦੇਸ਼ 'ਤੇ ਅਮਲ ਕਰਨ ਨਾਲ ਉਹ ਅਣਮਿੱਥੇ ਕਾਲ ਤੱਕ ਹਿਰਾਸਤ 'ਚ ਰਹਿਣਗੇ।

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਰਾਜਸਥਾਨ ਵਿੱਚ ਕਾਂਗਰਸ ਦੇ ਜਿੱਤਣ, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਵਿੱਚ ਫਸਵੀਂ ਟੱਕਰ ਦੀ ਸੰਭਾਵਨਾ

ਨਵੀਂ ਦਿੱਲੀ, 11 ਅਕਤੂਬਰ (ਪੋਸਟ ਬਿਊਰੋ)- ਆਮ ਚੋਣਾਂ ਤੋਂ ਪਹਿਲਾ ਸੈਮੀਫਾਈਨਲ ਕਹੀ ਜਾ ਰਹੀ ਪੰਜ ਰਾਜਾਂ ਦੀ ਵਿਧਾਨ ਸਭਾ ਚੋਣ ਵਿੱਚ ਭਾਜਪਾ ਦੀ ਸਰਕਾਰ ਵਾਲੇ ਤਿੰਨ ਰਾਜਾਂ ਰਾਜਸਥਾਨ, ਛੱਤੀਸਗੜ੍ਹ ਅਤੇ ਮੱਧ ਪ੍ਰਦੇਸ਼ ਉੱਤੇ ਸਾਰੇ ਦੇਸ਼ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ। ਇਨ੍ਹਾਂ ਰਾਜਾਂ ਵਿੱਚ ਸੱਤਾ ਕਿਸ ਦੇ ਕੋਲ ਜਾਵੇਗੀ, ਇਹ ਅਜੇ ਸਪੱਸ਼ਟ ਨਹੀਂ, ਪਰ ਵੱਖ-ਵੱਖ ਸਰਵੇ ਵਿੱਚ ਕਿਤੇ ਭਾਰਤੀ ਜਨਤਾ ਪਾਰਟੀ, ਕਿਤੇ ਕਾਂਗਰਸ ਤਾਂ ਕਿਤੇ ਕਿਸੇ ਵੀ ਦਲ ਨੂੰ ਸਪੱਸ਼ਟ ਬਹੁਮਤ ਮਿਲਦਾ ਦਿਖਾਈ ਨਹੀਂ ਦੇ ਰਿਹਾ ਅਤੇ ਉਲਝਣ ਬਰਕਰਾਰ ਹੈ।

ਟੀ ਵੀ ਚੈਨਲ ਨਿਊਜ਼ ਨੈਸ਼ਨ ਦੇ ਤਾਜ਼ਾ ਸਰਵੇ ਮੁਤਾਬਕ ਰਾਜਸਥਾਨ ਵਿੱਚ ਕਾਂਗਰਸ ਦੀ ਸਰਕਾਰ ਬਣਦੀ ਦਿਖਾਈ ਦੇ ਰਹੀ ਹੈ। ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿੱਚ ਕਿਸੇ ਵੀ ਪਾਰਟੀ ਨੂੰ ਪੂਰਨ ਬਹੁਮਤ ਨਾ ਮਿਲਣ ਦੇ ਆਸਾਰ ਹਨ। ਦੋਵਾਂ ਰਾਜਾਂ ਵਿੱਚ ਭਾਜਪਾ ਸਭ ਤੋਂ ਵੱਡੀ ਪਾਰਟੀ ਬਣ ਸਕਦੀ ਹੈ। ਅਜਿਹੇ ਵਿੱਚ ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿੱਚ ਤੀਸਰਾ ਮੋਰਚਾ ਨਿਰਣਾਇਕ ਭੂਮਿਕਾ ਵਿੱਚ ਆ ਸਕਦਾ ਹੈ। ਨਿਊਜ਼ ਨੈਸ਼ਨ ਦੇ ਸਰਵੇ ਮੁਤਾਬਕ ਮੱਧ ਪ੍ਰਦੇਸ਼ ਵਿੱਚ ਭਾਜਪਾ ਨੂੰ 109 ਤੋਂ 113 ਸੀਟਾਂ ਅਤੇ ਕਾਂਗਰਸ ਨੂੰ 107 ਤੋਂ 111 ਸੀਟਾਂ ਮਿਲ ਸਕਦੀਆਂ ਹਨ। ਛੱਤੀਸਗੜ੍ਹ ਵਿੱਚ ਭਾਜਪਾ ਨੂੰ 43 ਤੋਂ 47 ਤੇ ਕਾਂਗਰਸ ਨੂੰ 36 ਤੋਂ 40 ਸੀਟਾਂ ਅਤੇ ਜੇ ਸੀ ਸੀ ਨੂੰ ਤਿੰਨ ਤੋਂ ਸੱਤ ਸੀਟਾਂ ਅਤੇ ਹੋਰਾਂ ਨੂੰ ਇਕ ਤੋਂ ਤਿੰਨ ਸੀਟਾਂ ਮਿਲਣ ਦੇ ਆਸਾਰ ਹਨ। ਰਾਜਸਥਾਨ ਵਿੱਚ ਕਾਂਗਰਸ ਨੂੰ ਪੂਰਨ ਬਹੁਮਤ ਮਿਲਦਾ ਦਿਖਾਈ ਦੇ ਰਿਹਾ ਹੈ। ਭਾਜਪਾ ਨੂੰ ਇਥੇ 71 ਤੋਂ 75 ਸੀਟਾਂ ਤੇ ਕਾਂਗਰਸ ਨੂੰ 113 ਤੋਂ 117 ਸੀਟਾਂ ਅਤੇ ਹੋਰਾਂ ਨੂੰ 10 ਤੋਂ 14 ਸੀਟਾਂ ਮਿਲ ਸਕਦੀਆਂ ਹਨ।

## ਪੀ ਐਚ ਡੀ ਛੱਡ ਕੇ ਅੱਤਵਾਦੀ ਕਮਾਂਡਰ ਬਣਿਆ ਵਾਨੀ ਮੁਕਾਬਲੇ ਵਿੱਚ ਹਲਾਕ



ਸ੍ਰੀਨਗਰ, 11 ਅਕਤੂਬਰ, (ਪੋਸਟ ਬਿਊਰੋ)- ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿੱਚ ਪੀ ਐਚ ਡੀ ਦੀ ਪੜ੍ਹਾਈ ਛੱਡ ਕੇ ਦਹਿਸ਼ਤਗਰਦੀ ਦੇ ਰਾਹ ਪੈਣ ਵਾਲਾ ਕਮਾਂਡਰ ਮਨਾਨ ਬਸ਼ੀਰ ਵਾਨੀ (27) ਉੱਤਰੀ ਕਸ਼ਮੀਰ 'ਚ ਸੁਰੱਖਿਆ ਫੋਰਸਾਂ ਨਾਲ ਹੋਏ ਮੁਕਾਬਲੇ ਦੌਰਾਨ ਅੱਜ ਮਾਰਿਆ ਗਿਆ। ਵਾਨੀ ਅਲਾਈਡ ਜਿਆਲੋਜੀ ਦੀ ਪੀ ਐਚ ਡੀ ਕਰ ਰਿਹਾ ਸੀ, ਜਦੋਂ ਉਹ ਇਸ ਸਾਲ ਜਨਵਰੀ 'ਚ ਪਾਬੰਦੀ ਸ਼ੁਦਾ ਦਹਿਸ਼ਤੀ ਜਥੇਬੰਦੀ ਹਿਜ਼ਬੁਲ ਮੁਜਾਹਿਦੀਨ 'ਚ ਚਲਾ ਗਿਆ ਸੀ।

ਪੁਲੀਸ ਨੇ ਦੱਸਿਆ ਕਿ ਅੱਜ ਸਵੇਰੇ ਕੁਪਵਾੜਾ ਜ਼ਿਲ੍ਹੇ ਦੇ ਹੰਦਵਾੜਾ ਇਲਾਕੇ ਦੇ ਪਿੰਡ ਸ਼ਤਗੁੰਡ 'ਚ ਹੋਏ ਮੁਕਾਬਲੇ ਦੌਰਾਨ ਮਨਾਨ ਬਸ਼ੀਰ ਵਾਨੀ ਮਾਰਿਆ ਗਿਆ। ਇਕ ਹੋਰ ਹਿਜ਼ਬੁਲ ਦਹਿਸ਼ਤਗਰਦ ਆਸ਼ਿਕ ਹੁਸੈਨ, ਜਿਹੜਾ ਹੰਦਵਾੜਾ ਦੇ ਲੰਗੇਟ ਇਲਾਕੇ ਦਾ ਵਸਨੀਕ ਸੀ, ਵੀ ਇਸ ਅਪਰੇਸ਼ਨ ਦੌਰਾਨ ਮਾਰਿਆ ਗਿਆ। ਪੁਲੀਸ ਦੇ ਮੁਤਾਬਕ ਸੁਰੱਖਿਆ ਬਲਾਂ ਦੇ ਦੋ ਜਵਾਨ ਵੀ ਮੁਕਾਬਲੇ ਦੌਰਾਨ ਜ਼ਖ਼ਮੀ ਹੋਏ ਹਨ। ਮੁਕਾਬਲਾ ਤੜਕੇ ਉਸ ਸਮੇਂ ਸ਼ੁਰੂ ਹੋਇਆ ਜਦੋਂ ਵਾਨੀ ਅਤੇ ਦੋ ਹੋਰ ਦਹਿਸ਼ਤਗਰਦਾਂ ਦੀ ਪਿੰਡ 'ਚ ਮੌਜੂਦਗੀ ਬਾਰੇ ਸੂਹ ਮਿਲੀ। ਅਧਿਕਾਰੀ ਨੇ ਕਿਹਾ ਕਿ ਪੁਲੀਸ ਅਤੇ ਹੋਰ ਸੁਰੱਖਿਆ ਬਲਾਂ ਦੇ ਜਵਾਨਾਂ ਵਿਚਾਲੇ ਘਿਰੇ ਹੋਏ ਦਹਿਸ਼ਤਗਰਦਾਂ ਨੇ ਗੋਲੀਆਂ ਚਲਾਈਆਂ ਸਨ। ਪੜ੍ਹਾਈ-ਲਿਖਾਈ ਵਿੱਚ ਹੁਸ਼ਿਆਰ ਵਾਨੀ ਨੇ ਜਵਾਹਰ ਨਵੋਦਿਆ ਵਿਦਿਆਲਿਆ ਅਤੇ ਸੈਨਿਕ ਸਕੂਲ ਮਾਨਸਬਲ ਤੋਂ ਮੁੱਢਲੀ ਸਿੱਖਿਆ ਹਾਸਲ ਕੀਤੀ ਸੀ ਤੇ ਅੱਜ ਕੱਲ੍ਹ ਉੱਤਰੀ ਕਸ਼ਮੀਰ 'ਚ ਉਹ ਦਹਿਸ਼ਤਗਰਦ ਭਰਤੀ ਕਰਨ ਦਾ ਮੁਖੀ ਸਮਝਿਆ ਜਾਂਦਾ ਸੀ। ਜਦੋਂ ਵਾਨੀ ਦੀ ਮੌਤ ਦੀ ਖ਼ਬਰ ਫੈਲੀ ਤਾਂ ਲੋਕ ਸੜਕਾਂ 'ਤੇ ਨਿਕਲ ਆਏ ਅਤੇ ਕੁਝ ਥਾਈਂ ਉਨ੍ਹਾਂ ਸੁਰੱਖਿਆ ਬਲਾਂ 'ਤੇ ਪੱਥਰਾਅ ਕੀਤਾ। ਅਧਿਕਾਰੀਆਂ ਨੇ ਚੌਕਸੀ ਵਜੋਂ ਸਕੂਲ, ਵਿਦਿਅਕ ਅਦਾਰੇ ਅਤੇ ਇੰਟਰਨੈੱਟ ਸੇਵਾਵਾਂ ਬੰਦ ਕਰ ਦਿੱਤੀਆਂ।

## ਗਡਕਰੀ ਨੇ ਕਿਹਾ: ਸਾਨੂੰ ਅੰਦਾਜ਼ਾ ਨਹੀਂ ਸੀ ਸੱਤਾ ਵਿਚ ਆ ਜਾਵਾਂਗੇ, ਇਸ ਲਈ ਵੱਡੇ ਵਾਅਦੇ ਕਰਦੇ ਗਏ

ਨਵੀਂ ਦਿੱਲੀ, 11 ਅਕਤੂਬਰ (ਪੋਸਟ ਬਿਊਰੋ)- 2014 ਵਿੱਚ ਭਾਜਪਾ ਦੇ ਚੋਣ ਵਾਅਦਿਆਂ ਨਾਲ ਜੁੜਿਆ ਕੇਂਦਰੀ ਸੜਕ ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ ਦਾ ਇਕ ਬਿਆਨ ਵਿਵਾਦਾਂ ਵਿੱਚ ਆ ਗਿਆ।

ਮਿਲੀ ਜਾਣਕਾਰੀ ਅਨੁਸਾਰ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਇਕ ਮਰਾਠੀ ਕਾਮੇਡੀ ਸ਼ੋਅ ਦੇ ਦੌਰਾਨ ਭਾਜਪਾ ਦੇ ਵਆਦਿਆਂ ਦੇ ਬਾਰੇ ਪੁੱਛੇ ਜਾਣ ਉੱਤੇ ਕਿਹਾ ਕਿ ਸਾਨੂੰ ਭਰੋਸਾ ਸੀ ਕਿ ਅਸੀਂ ਸੱਤਾ ਵਿੱਚ ਨਹੀਂ ਆਵਾਂਗੇ, ਇਸ ਲਈ ਅਸੀਂ ਵੱਡੇ ਵਾਅਦੇ ਕਰਦੇ ਗਏ। ਇਸ ਦੇ ਬਾਅਦ ਰਾਹੁਲ ਗਾਂਧੀ ਨੇ ਨਿਤਿਨ ਗਡਕਰੀ ਦੇ ਇਸ ਵੀਡੀਓ ਨੂੰ ਟਵਿੱਟਰ 'ਤੇ ਸ਼ੇਅਰ ਕੀਤਾ ਹੈ। ਇਸ ਵਿੱਚ ਨਿਤਿਨ ਗਡਕਰੀ ਅਭਿਨੇਤਾ ਨਾਨਾ ਪਾਟੇਕਰ ਨਾਲ ਗੱਲਬਾਤ ਵਿੱਚ ਆਪਣੀ ਹੀ ਸਰਕਾਰ ਦੀ ਆਲੋਚਨਾ ਕਰਦੇ ਦਿੱਸ ਰਹੇ ਹਨ। ਰਾਹੁਲ ਗਾਂਧੀ ਨੇ ਕਿਹਾ, 'ਸਹੀ ਫਰਮਾਇਆ, ਜਨਤਾ ਵੀ ਇਹੋ ਸੋਚਦੀ ਹੈ ਕਿ ਸਰਕਾਰ ਨੇ ਲੋਕਾਂ ਦੇ ਸੁਪਨਿਆਂ ਅਤੇ ਉਨ੍ਹਾਂ ਦੇ ਭਰੋਸੇ ਨੂੰ ਆਪਣੇ ਲਾਭ ਦਾ ਸ਼ਿਕਾਰ ਬਣਾਇਆ ਹੈ।' ਗਡਕਰੀ ਦੇ ਇਸ ਬਿਆਨ ਨਾਲ ਮੁੱਖ ਵਿਰੋਧੀ ਪਾਰਟੀ ਕਾਂਗਰਸ ਤੇ ਦੂਸਰੇ ਵਿਰੋਧੀ ਦਲਾਂ ਨੂੰ ਭਾਜਪਾ ਨੂੰ ਘੇਰਨ ਦਾ ਮੌਕਾ ਮਿਲ ਸਕਦਾ ਹੈ।

## ਪਾਰਲੀਮੈਂਟ ਮੈਂਬਰ ਦੇ ਜੀਜੇ ਨੇ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ

ਅੰਮ੍ਰਿਤਸਰ, 11 ਅਕਤੂਬਰ (ਪੋਸਟ ਬਿਊਰੋ)- ਕਾਂਗਰਸੀ ਪਾਰਲੀਮੈਂਟ ਮੈਂਬਰ ਗੁਰਜੀਤ ਸਿੰਘ ਔਜਲਾ ਦੇ ਜੀਜੇ ਹਰਪ੍ਰੀਤ ਸਿੰਘ ਸੋਨੂੰ (40) ਨੇ ਕੱਲ੍ਹ ਪੈਸਿਆਂ ਦੇ ਲੈਣ ਦੇਣ ਦੇ ਮਾਮਲੇ ਕਾਰਨ ਆਪਣੇ ਆਪ ਨੂੰ ਗੋਲੀ ਮਾਰ ਲਈ।

ਹਰਪ੍ਰੀਤ ਸਿੰਘ ਪੁਲਸ ਥਾਣਾ ਰਾਜਾਸਾਂਸੀ ਦੇ ਪਿੰਡ ਬੂਆ ਨੰਗਲੀ ਦਾ ਵਾਸੀ ਸੀ। ਕੱਲ੍ਹ ਸਵੇਰੇ ਵਾਪਰੀ ਇਸ ਘਟਨਾ ਤੋਂ ਬਾਅਦ ਪੁਲਸ ਨੇ ਲਾਸ਼ ਕੋਲੋਂ ਇਕ ਖੁਦਕੁਸ਼ੀ ਨੋਟ ਵੀ ਬਰਾਮਦ ਕੀਤਾ, ਜਿਸ ਵਿੱਚ ਪੈਸਿਆਂ ਦੇ ਲੈਣ ਦੇਣ ਦੇ ਮਾਮਲੇ ਵਿੱਚ ਮ੍ਰਿਤਕ ਨੇ 17 ਵਿਅਕਤੀਆਂ ਸਮੇਤ ਕਈ ਹੋਰ ਕਿਸਾਨਾਂ ਨੂੰ ਆਪਣੀ ਮੌਤ ਲਈ ਜ਼ਿੰਮੇਵਾਰ ਦੱਸਿਆ। ਪੱਤਰ ਵਿੱਚ ਉਸ ਨੇ ਲਿਖਿਆ ਕਿ ਇਕ ਵਿਅਕਤੀ ਨੇ ਉਸ ਦੇ ਲਗਭਗ 90 ਲੱਖ ਰੁਪਏ ਹੜੱਪ ਲਏ ਹੈ ਅਤੇ ਉਹ ਇਸ ਬਾਰੇ ਹੁੰਗਾਰਾ ਵੀ ਨਹੀਂ ਭਰਦਾ। ਇਸ ਖੁਦਕੁਸ਼ੀ ਪੱਤਰ ਵਿੱਚ ਉਸ ਨੇ ਪੈਸੇ ਉਧਾਰ ਲੈ ਕੇ ਵਾਪਸ ਨਾ ਦੇਣ ਵਾਲਿਆਂ ਦੇ ਨਾਂ ਲਿਖੇ ਹਨ। ਇਕ ਵਿਅਕਤੀ 'ਤੇ ਉਸ ਨੇ ਪੰਜਾਬੀ ਬਾਗ ਵਿੱਚ ਉਸ ਦਾ ਫਲੈਟ ਹੜੱਪਣ ਦਾ ਵੀ ਦੋਸ਼ ਲਾਇਆ ਹੈ। ਦਿਹਾਤੀ ਪੁਲਸ ਦੇ ਐਸ ਐਸ ਪੀ ਪਰਮਪਾਲ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਮ੍ਰਿਤਕ ਦੀ ਪਤਨੀ ਅਮਨਦੀਪ ਕੌਰ ਦੇ ਬਿਆਨਾਂ ਦੇ ਆਧਾਰ 'ਤੇ ਖੁਦਕੁਸ਼ੀ ਲਈ ਮਜਬੂਰ ਕਰਨ ਵਾਲਿਆਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ ਅਤੇ ਅਗਲੇਰੀ ਜਾਂਚ ਜਾਰੀ ਹੈ। ਪੁਲਸ ਸੂਤਰਾਂ ਮੁਤਾਬਕ ਇਹ ਪਰਵਾਰ ਪਿੰਡ ਦੂਆ ਨੰਗਲੀ ਦੇ ਬਾਹਰਵਾਰ ਖੇਤਾਂ ਨੇੜੇ ਰਹਿੰਦਾ ਹੈ। ਮ੍ਰਿਤਕ ਦੀ ਪਤਨੀ ਅਮਨਦੀਪ ਕੌਰ ਨੇ ਪੁਲਸ ਨੂੰ ਦੱਸਿਆ ਕਿ ਉਸ ਦਾ ਪਤੀ ਖੇਤੀ ਦੇ ਨਾਲ ਆੜ੍ਹਤ ਦਾ ਕੰਮ ਕਰਦਾ ਸੀ। ਉਸ ਨੇ ਵੱਖ-ਵੱਖ ਵਿਅਕਤੀਆਂ ਅਤੇ ਕਿਸਾਨਾਂ ਕੋਲੋਂ ਦੋ ਕਰੋੜ ਤੋਂ ਵਧੇਰੇ ਰਕਮ ਲੈਣੀ ਬਾਕੀ ਸੀ।

## ਪਰਾਲੀ ਸਾੜਨ ਤੋਂ ਰੋਕਣ ਗਏ ਅਧਿਕਾਰੀਆਂ ਨਾਲ ਧੁੱਕਾਮੁੱਕੀ

ਪਟਿਆਲਾ, 11 ਅਕਤੂਬਰ (ਪੋਸਟ ਬਿਊਰੋ)- ਪੰਜਾਬ ਵਿੱਚ ਪਾਰਲੀ ਸਾੜਨ ਦੇ ਮੁੱਦੇ 'ਤੇ ਅਧਿਕਾਰੀਆਂ ਦੀ ਜਾਨ ਕੁੜਿੱਕੀ ਵਿੱਚ ਆ ਗਈ ਹੈ। ਸਰਕਾਰ ਨੇ ਅਧਿਕਾਰੀਆਂ ਨੂੰ ਪਰਾਲੀ ਸਾੜਨ ਤੋਂ ਰੋਕਣ ਲਈ ਨਜ਼ਰ ਰੱਖਣ ਅਤੇ ਰੋਕਣ ਦੇ ਹੁਕਮ ਦਿੱਤੇ ਹਨ, ਪਰ ਇਸ ਨੂੰ ਅਮਲ ਵਿੱਚ ਲਿਆਉਣਾ ਇਨ੍ਹਾਂ ਅਧਿਕਾਰੀਆਂ ਲਈ ਵੱਡੀ ਚੁਣੌਤੀ ਬਣਦਾ ਜਾ ਰਿਹਾ ਹੈ। ਵੱਡੀ ਗਿਣਤੀ ਕਿਸਾਨ ਪਰਾਲੀ ਨੂੰ ਅੱਗ ਲਾਉਣ ਦੀ ਜ਼ਿਦ 'ਤੇ ਅੜੇ ਹੋਏ ਹਨ। ਦੂਸਰੇ ਪਾਸੇ ਪਰਾਲੀ ਨੂੰ ਅੱਗ ਲਾਉਣ ਤੋਂ ਰੋਕਣ ਵਾਲੇ ਅਧਿਕਾਰੀਆਂ ਨੂੰ ਕਿਸਾਨਾਂ ਦੇ ਗੁੱਸੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਿਸਾਨਾਂ ਨੂੰ ਨਾ ਰੋਕਣ ਉਤੇ ਜਿਥੇ ਨੌਕਰੀ ਦਾ ਖਤਰਾ ਹੈ, ਉਥੇ ਹੀ ਪਰਾਲੀ ਸਾੜਨ ਤੋਂ ਰੋਕਣ 'ਤੇ ਕਿਸਾਨਾਂ ਤੋਂ ਉਨ੍ਹਾਂ ਨੂੰ ਆਪਣੀ ਜਾਨ ਦਾ ਖਤਰਾ ਸਤਾ ਰਿਹਾ ਹੈ। ਮੁੱਖ ਮੰਤਰੀ ਦੇ ਆਪਣੇ ਜ਼ਿਲੇ ਦੇ ਪਿੰਡ ਫਤਿਹਪੁਰ 'ਚ ਕਿਸਾਨਾਂ ਵੱਲੋਂ ਪਰਾਲੀ ਨੂੰ ਅੱਗ ਲਾਈ ਗਈ ਸੀ। ਜਦ ਮੌਕੇ 'ਤੇ ਅਧਿਕਾਰੀ ਪੁੱਜੇ ਤਾਂ ਕਿਸਾਨਾਂ ਨੇ ਅਧਿਕਾਰੀਆਂ ਨਾਲ ਧੱਕਾ ਮੁੱਕੀ ਕੀਤੀ। ਇਸ ਸਬੰਧੀ ਪੁਲਸ ਨੇ ਕਿਸਾਨਾਂ ਉਤੇ ਕੇਸ ਦਰਜ ਕੀਤਾ ਹੈ। ਕਿਸਾਨ ਸੰਗਠਨਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਮੁਆਵਜ਼ਾ ਤੇ ਮਸ਼ੀਨਰੀ ਨਹੀਂ ਦਿੱਤੀ ਜਾਂਦੀ ਤਾਂ ਪਰਾਲੀ ਨੂੰ ਅੱਗ ਲਾਉਣ ਦਾ ਸਿਲਸਿਲਾ ਜਾਰੀ ਰਹੇਗਾ। ਕੱਲ੍ਹ ਬਾਅਦ ਦੁਪਹਿਰ ਵਿਖੇ ਕਿਸਾਨ ਜਥੇਬੰਦੀ ਆਗੂਆਂ ਦੀ ਹਾਜ਼ਰੀ ਵਿੱਚ ਪਰਾਲੀ ਨੂੰ ਅੱਗ ਲਾਈ ਗਈ। ਇਸ ਮੌਕੇ ਕਿਸਾਨ ਜਥੇਬੰਦੀ ਦੇ ਆਗੂ ਵੀ ਮੌਜੂਦ ਰਹੇ, ਜਿਨ੍ਹਾਂ ਨੇ ਪਰਾਲੀ ਨੂੰ ਸਾੜਨ ਦੀ ਪ੍ਰਸ਼ਾਸਨ ਨੂੰ ਖੁੱਲ੍ਹੀ ਚੁਣੌਤੀ ਦਿੱਤੀ ਹੈ। ਸੂਚਨਾ ਮਿਲਣ 'ਤੇ ਅਧਿਕਾਰੀ ਮੌਕੇ 'ਤੇ ਵੀ ਪੁੱਜੇ, ਪਰ ਕਿਸਾਨਾਂ ਅੱਗੇ ਕਿਸੇ ਦੀ ਇਕ ਨਾ ਚੱਲੀ।

## ਪੰਜਾਬ ਦੀ ਸੀ ਪੀ ਐਮ ਵਿੱਚ ਵਿੱਤੀ ਗੜਬੜ, ਜਾਂਚ ਲਈ ਕਮਿਸ਼ਨ ਕਾਇਮ

ਚੰਡੀਗੜ੍ਹ, 11 ਅਕਤੂਬਰ (ਪੋਸਟ ਬਿਊਰੋ)- ਸੀ ਪੀ ਆਈ (ਐਮ) ਦੀ ਕੇਂਦਰੀ ਕਮੇਟੀ ਨੇ ਪੰਜਾਬ ਸੀ ਪੀ ਐਮ ਵਿੱਚ ਸਾਹਮਣੇ ਆਈਆਂ ਵਿੱਤੀ ਗੜਬੜਾਂ ਦੀ ਜਾਂਚ ਲਈ ਦੋ ਮੈਂਬਰੀ ਜਾਂਚ ਕਮਿਸ਼ਨ ਕਾਇਮ ਕਰ ਦਿੱਤਾ ਹੈ।

ਜਾਣਕਾਰ ਸੂਤਰਾਂ ਅਨੁਸਾਰ ਮੁਹੰਮਦ ਸਲੀਮ ਤੇ ਯੋਗਿੰਦਰ ਸ਼ਰਮਾ ਕਮਿਸ਼ਨ ਦੇ ਮੈਂਬਰ ਨਿਯੁਕਤ ਕੀਤੇ ਗਏ ਹਨ। ਇਹ ਕਮਿਸ਼ਨ ਪਿਛਲੇ ਇਕ ਦਹਾਕੇ ਦੌਰਾਨ ਪਾਰਟੀ ਦੇ ਸਟੇਟ ਯੂਨਿਟ ਦੇ ਵਿੱਤੀ ਮਾਮਲਿਆਂ ਦੀ ਪੜਤਾਲ ਕਰੇਗਾ। ਇਹ ਮੁੱਦਾ ਉਦੋਂ ਉਭਰ ਕੇ ਸਾਹਮਣੇ ਆਇਆ ਜਦੋਂ ਚਾਰ ਕੁ ਮਹੀਨੇ ਪਹਿਲਾਂ ਚਰਨ ਸਿੰਘ ਵਿਰਦੀ ਤੋਂ ਬਾਅਦ ਸੀ ਪੀ ਐਮ ਦੀ ਪੰਜਾਬ ਇਕਾਈ ਦੀ ਅਗਵਾਈ ਸੁਖਵਿੰਦਰ ਸਿੰਘ ਸੇਖੋਂ ਨੇ ਸੰਭਾਲੀ। ਇਹ ਦੋਸ਼ ਲੱਗਾ ਹੈ ਕਿ ਜਦੋਂ ਚਰਨ ਸਿੰਘ ਵਿਰਦੀ ਨੇ ਪਾਰਟੀ ਦੀ ਕਮਾਂਡ ਸੰਭਾਲੀ ਤਾਂ ਉਸ ਨੂੰ ਤਿੰਨ ਕਰੋੜ ਰੁਪਏ ਮਿਲੇ ਸਨ। ਇਨ੍ਹਾਂ ਵਿੱਚੋਂ ਡੇਢ ਕਰੋੜ ਦੇ ਕਰੀਬ ਰਕਮ ਪਾਰਟੀ ਦੀ ਸੀ ਅਤੇ ਏਨੀ ਰਕਮ ਪਾਰਟੀ ਵੱਲੋਂ ਚਲਾਏ ਜਾਂਦੇ ਅਖਬਾਰ ਦੇਸ਼ ਸੇਵਕ ਦੇ ਟਰੱਸਟ ਕੋਲ ਸੀ। ਅਖਬਾਰ ਦੇ ਮਾਮਲੇ ਵਿਰਦੀ ਅਤੇ ਕੇਂਦਰੀ ਕਮੇਟੀ ਦੇ ਸਾਬਕਾ ਮੈਂਬਰ ਵਿਜੈ ਮਿਸ਼ਰਾ ਦੇਖਦੇ ਸਨ। ਜਦੋਂ ਕਾਮਰੇਡ ਵਿਰਦੀ ਨੇ ਅਹੁਦਾ ਛੱਡਿਆ ਤਾਂ ਪਾਰਟੀ ਅਤੇ ਟਰੱਸਟ ਕੋਲ ਸਿਰਫ 10,000 ਰੁਪਏ ਸਨ। ਇਸ ਮਾਮਲੇ ਵਿੱਚ ਕਾਮਰੇਡ ਸੁਖਵਿੰਦਰ ਸੇਖੋਂ ਅਤੇ ਵਿਰਦੀ ਨੇ ਇਹ ਕਹਿ ਕੇ ਟਿੱਪਣੀ ਕਰਨ ਤੋਂ ਨਾਂਹ ਕਰ ਦਿੱਤੀ ਕਿ ਪਾਰਟੀ ਦਾ ਅੰਦਰੂਨੀ ਮਾਮਲਾ ਹੈ।

ਵਧੀਆ ਮੁਨਾਫ਼ੇ ਲਈ ਭਾਰਤ ਵਿੱਚ ਨਿਵੇਸ਼ ਕਰੋ

INVEST FOR SMART RETURN IN INDIA

SALE PURCHASE & MANAGEMENT OF COMMERCIAL RESIDENCIAL PROPERTIES IN DELHI, GURGAON, NOIDA, CHANDIGARH, PUNJAB AND INVEST IN RUNNING HOSPITALS FOR SMART & SAFE RETURNS

Bhalla: 91-9316255513 | Bhullar: 905.453.0000

For More Details www.conceptindiaservices.com

PUNJABI RANG RADIO



CHKT 1430AM
11pm to 12am
Every Friday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

KARTAR FURNITURE




Email: kartarfurnitue@live.com

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ

ਕਰਤਾਰ ਫਰਨੀਚਰ

- ਅਸੀਂ ਸੌਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Call Rajinder Singh 416.741.9657 69 Westmore Dr. #20 Etobicoke ON, M9V 3Y6

Aikam MEDIA GROUP




Radio Punjab
Monday to Friday
2:00PM to 3:00PM on 89.5 FM

Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST

Aikam Arts Academy
Learn Indian Classical Music
Instruments
Folk Dances

www.aikam.com

For Advertisement on Radio & TV or Learn Indian Classical Music, Instruments and Folk Dances

905-612-1313 info@aikam.com

# ਵਿਦੇਸ਼ੀ ਤਾਕਤਾਂ ਦੇ ਲੰਬੇ ਹੱਥ

-ਆਰ ਪੀ ਸਿੰਘ-

ਬ੍ਰਹਿਮੋਸ ਮਿਜ਼ਾਈਲ ਦੀ ਤਕਨੀਕ ਦੁਮਸ਼ਣ ਦੇਸ਼ ਨੂੰ ਵੇਚਣ ਦੇ ਦੋਸ਼ ਹੇਠ ਭਾਰਤ ਦੀ ਫੌਜੀ ਖੋਜ ਸੰਸਥਾ (ਡੀ ਆਰ ਡੀ ਓ) ਦੇ ਇਕ ਇੰਜੀਨੀਅਰ ਦੀ ਗ੍ਰਿਫਤਾਰੀ ਨੇ ਇਕ ਵਾਰੀ ਫਿਰ ਵਿਦੇਸ਼ੀ ਏਜੰਟਾਂ ਦੀ ਭੂਮਿਕਾ ਨੂੰ ਉਜਾਗਰ ਕੀਤਾ ਹੈ। ਇਸ ਮਾਮਲੇ 'ਚ ਭਾਰਤ ਇਕਲੌਤਾ ਦੇਸ਼ ਨਹੀਂ। ਮਹਾਸ਼ਕਤੀ ਮੰਨੇ ਜਾਂਦੇ ਅਮਰੀਕਾ 'ਚ ਹਾਲੇ ਇਹ ਬਹਿਸ ਖਤਮ ਨਹੀਂ ਹੋਈ ਕਿ ਡੋਨਾਲਡ ਟਰੰਪ ਨੂੰ ਰਾਸ਼ਟਰਪਤੀ ਚੋਣਾਂ ਜਿਤਾਉਣ ਵਿੱਚ ਰੂਸ ਦੀ ਕੀ ਭੂਮਿਕਾ ਸੀ। ਭਾਰਤ ਵਿੱਚ ਵੀ ਵਿਦੇਸ਼ੀ ਤਾਕਤਾਂ ਦਾ ਹੱਥ ਹੋਣ ਦੀ ਗੱਲ ਅਕਸਰ ਉਠਦੀ ਰਹਿੰਦੀ ਹੈ। ਗੁਆਂਢੀ ਜਾਂ ਦੁਸ਼ਮਣ ਦੇਸ਼ ਵਿੱਚ ਆਪਣੀ ਪਸੰਦ ਦੇ ਸ਼ਾਸਕ ਨੂੰ ਸਥਾਪਤ ਕਰਨ ਦੀ ਪਰੰਪਰਾ ਮਨੁੱਖੀ ਸੱਭਿਅਤਾ ਦੇ ਮੁੱਢ ਤੋਂ ਚੱਲਦੀ ਆਈ ਹੈ।

ਕੌਟਿਲਿਆ ਨੇ ਆਪਣੀ ਪੁਸਤਕ 'ਅਰਥਸ਼ਾਸਤਰ' ਅਤੇ ਚੀਨੀ ਦਿੱਗਜ ਰਣਨੀਤੀਵਾਨ ਸੁਨ ਜ਼ੂ ਨੇ ਆਪਣੀ ਪੁਸਤਕ ਆਰਟ ਆਰ ਵਾਰ 'ਚ ਸਾਮਰਾਜਾਂ ਨੂੰ ਸੁਚਾਰੂ ਤਰੀਕੇ ਨਾਲ ਚਲਾਉਣ ਵਾਲੇ ਤੌਰ ਤਰੀਕਿਆਂ ਦਾ ਖਾਕਾ ਪੇਸ਼ ਕੀਤਾ ਸੀ। ਅਰਥ ਸ਼ਾਸਤਰ ਵਿੱਚ ਗੁਪਤਚਰ ਤੰਤਰ ਦਾ ਵਿਸਥਾਰਤ ਜ਼ਿਕਰ ਹੈ। ਉਹ ਵਿਦੇਸ਼ੀ ਘੁਸਪੈਠੀਆਂ ਦੀ ਪਛਾਣ ਕਰਕੇ ਸੂਬੇ 'ਚ ਅੰਦਰੂਨੀ ਸ਼ਾਂਤੀ ਬਣਾਈ ਰੱਖਣ ਅਤੇ ਦੁਸ਼ਮਣ ਦੇਸ਼ ਵਿੱਚ ਸੰਨ੍ਹਮਾਰੀ ਨਾਲ ਆਪਣੇ ਰਾਜ ਦੀ ਜਿੱਤ ਦੀ ਰਾਹ ਸੁਖਾਲੀ ਬਣਾਉਂਦੇ ਸਨ। ਗੁਪਤਚਰ ਅੰਦਰੂਨੀ ਪੱਧਰ 'ਤੇ ਵਿੱਤੀ ਗੜਬੜਾਂ ਅਤੇ ਰਾਜਾਂ ਖਿਲਾਫ ਸਾਜ਼ਿਸ਼ਾਂ ਨੂੰ ਨਾਕਾਮ ਕਰਦੇ ਸਨ। ਬਦਲਦੇ ਸਮੇਂ ਨਾਲ ਨਵੀਂ ਤਕਨੀਕ ਆਉਣ ਨਾਲ ਜਾਸੂਸੀ ਦਾ ਕੰਮ ਕਾਫੀ ਸੁਧਰ ਗਿਆ ਹੈ, ਪਰ ਉਸ ਦਾ ਮਕਸਦ ਅੱਜ ਵੀ ਉਹੀ ਹੈ। ਖਾਨਾਜੰਗੀ ਵੇਲੇ ਅਮਰੀਕਾ ਅਤੇ ਸੋਵੀਅਤ ਰੂਸ ਨੇ ਤੀਸਰੀ ਦੁਨੀਆ ਦੇ ਦੇਸ਼ਾਂ ਦੀਆਂ ਸਿਆਸੀ ਪਾਰਟੀਆਂ, ਸਿਆਸਤਦਾਨਾਂ, ਚੋਣ ਨਤੀਜਿਆਂ, ਫੌਜ 'ਚ ਬਗਾਵਤ 'ਤੇ ਪਾਣੀ ਵਾਂਗ ਪੈਸਾ ਵਹਾਇਆ ਤਾਂ ਜੋ ਉਹ ਉਥੇ ਆਪਣੀ ਪਸੰਦ ਦੇ ਸ਼ਾਸਕਾਂ ਨੂੰ ਸਥਾਪਿਤ ਕਰਵਾ ਸਕੇ। ਕੇ ਜੀ ਬੀ 'ਚ ਉਚ ਅਹੁਦੇ 'ਤੇ ਰਹੇ ਵਾਸਿਲੀ ਮਿਤਰੋਖਿਨ ਨੇ ਆਪਣੀ ਕਿਤਾਬ 'ਚ ਕੇ ਜੀ ਬੀ ਦੀ ਕਾਰਜ ਪ੍ਰਣਾਲੀ ਦਾ ਖੁਲਾਸਾ ਕੀਤਾ। ਮਿਤਰੋਖਿਨ ਨੇ 1992 'ਚ ਬਰਤਾਨੀਆ 'ਚ ਪਨਾਹ ਲਈ। ਉਹ ਕੇ ਜੀ ਬੀ ਦੇ ਦਸਤਾਵੇਜ਼ਾਂ ਦਾ ਇਕ ਵੱਡਾ ਪੁਲੰਦਾ ਆਪਣੇ ਨਾਲ ਲੈ ਗਏ।

'ਮਿਤਰੋਖਿਨ ਆਰਕਾਈਵ ਵਾਲਿਊਮ-2' ਨਾਂ ਨਾਲ ਪ੍ਰਕਾਸ਼ਿਤ ਉਨ੍ਹਾਂ ਦੀ ਕਿਤਾਬ ਵਿਸ਼ੇਸ਼ ਰੂਪ 'ਚ ਭਾਰਤ ਵਿੱਚ ਕੇ ਜੀ ਬੀ ਦੇ ਕਾਰਜ ਸੰਚਾਲਨ 'ਤੇ ਕੇਂਦਰਿਤ ਹੈ। ਇਸ ਵਿੱਚ ਕੇ ਜੀ ਬੀ ਦੇ ਭਾਰਤੀ ਸੂਤਰਾਂ ਦਾ ਵਿਸਥਾਰ ਨਾਲ ਵੇਰਵਾ ਹੈ, ਜਿਨ੍ਹਾਂ ਵਿੱਚ ਸਿਆਸੀ ਪਾਰਟੀਆਂ, ਸਿਆਸਤਦਾਨਾਂ, ਮੰਤਰੀਆਂ ਅਤੇ ਵੱਡੇ ਅਫਸਰਾਂ ਦੇ ਨਾਂ ਹਨ। ਆਈ ਬੀ ਦੇ ਸਾਬਕਾ ਡਾਇਰੈਕਟਰ ਐਮ ਕੇ ਧਰ ਨੇ ਆਪਣੀ ਕਿਤਾਬ 'ਓਪਨ ਸੀਕ੍ਰੇਟਸ' 'ਚ ਲਿਖਿਆ ਹੈ ਕਿ 'ਆਈ ਬੀ ਨੇ ਇੰਦਰਾ ਗਾਂਧੀ ਕੈਬਨਿਟ ਦੇ ਚਾਰ ਮੰਤਰੀਆਂ ਤੋਂ ਇਲਾਵਾ ਅਜਿਹੇ ਦੋ ਦਰਜਨ ਹੋਰ ਪਾਰਲੀਮੈਂਟ ਮੈਂਬਰਾਂ ਦੀ ਨਿਸ਼ਾਨਦੇਹੀ ਕੀਤੀ ਸੀ ਜੋ ਕੇ ਜੀ ਬੀ ਤੋਂ ਪੈਸੇ ਲੈਂਦੇ ਸਨ।' ਪੈਸਿਆਂ ਦਾ ਪੂਰਾ ਵੇਰਵਾ ਸਿੱਧੇ ਪ੍ਰਧਾਨ ਮੰਤਰੀ ਨੂੰ ਸੌਂਪਿਆ ਜਾਂਦਾ ਸੀ। ਬਾਅਦ ਵਿੱਚ ਕੇ ਜੀ ਬੀ ਅਤੇ ਸੀ ਆਈ ਏ ਦੀ ਥਾਂ ਪਾਕਿਸਤਾਨ ਦੀ ਆਈ ਐਸ ਆਈ ਅਤੇ ਚਾਈਨੀਜ਼ ਮਨਿਸਟਰੀ ਆਫ ਸਟੇਟ ਸਕਿਓਰਿਟੀ ਯਾਨੀ ਐਮ ਐਸ ਐਸ ਨੇ ਲੈ ਲਈ। ਜਿਥੇ ਕੇ ਜੀ ਬੀ ਅਤੇ ਸੀ ਆਈ ਏ 'ਚ ਆਪਸੀ ਹੋੜ ਸੀ, ਉਥੇ ਆਈ ਐਸ ਆਈ ਅਤੇ ਐਮ ਐਸ ਐਸ ਇਕ ਦੂਸਰੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੀਆਂ ਹਨ। ਉਨ੍ਹਾਂ ਦਾ ਇਕੋ ਏਜੰਡਾ ਹੈ ਕਿਸੇ ਵੀ ਹਾਲ 'ਚ ਭਾਰਤ ਨੂੰ ਕਮਜ਼ੋਰ ਕਰਨਾ। ਐਮ ਐਸ ਐਸ ਮਨੁੱਖੀ ਵਸੀਲਿਆਂ ਦਾ ਕੰਮ ਮੁੱਖ ਰੂਪ 'ਚ ਆਈ ਐਸ ਆਈ ਤੋਂ ਲੈਂਦੀ ਹੈ, ਕਿਉਂਕਿ ਚੀਨ ਭਾਰਤ ਵਿੱਚ ਜਾਸੂਸੀ ਲਈ ਹੱਦੋਂ ਵੱਧ ਸਰਗਰਮ ਹੁੰਦਾ ਦਿਸਣਾ ਚਾਹੁੰਦਾ ਹੈ।

ਆਪਣੇ ਭਾਰੀ ਬਜਟ ਤੋਂ ਇਲਾਵਾ ਆਈ ਐਸ ਆਈ ਸਾਊਦੀ ਅਰਬ ਵਰਗੇ ਦੇਸ਼ਾਂ ਤੇ ਦਾਊਦ ਇਬਰਾਹੀਮ ਵਰਗੇ ਸਮੱਗਲਰਾਂ ਜ਼ਰੀਏ ਭਾਰਤੀ ਮੁਸਲਮਾਨਾਂ ਨੂੰ ਵਰਗਲਾਉਣ ਦੇ ਨਾਂ 'ਤੇ ਮਿਲਣ ਵਾਲੀ ਇਮਦਾਦ ਦਾ ਵੀ ਫਾਇਦਾ ਉਠਾਉਂਦੀ ਹੈ। ਮੰਨਿਆ ਜਾਂਦਾ ਹੈ ਕਿ ਕਈ ਸੰਸਥਾਵਾਂ 'ਚ ਐਮ ਐਸ ਐਸ ਦੀ ਚੰਗੀ ਪੈਂਠ ਹੈ। ਅਤਿ ਆਧੁਨਿਕ ਢਾਂਚੇ ਵਾਲੇ ਚੀਨੀ ਖੁਫੀਆ ਤੰਤਰ ਦਾ ਡਿਜੀਟਲ ਦੁਨੀਆ ਵਿੱਚ ਕੋਈ ਤੋੜ ਨਹੀਂ ਹੈ। ਉਸ ਦੇ ਹੈਕਰਾਂ ਨੇ ਅਤਿ ਸੁਰੱਖਿਅਤ ਅਮਰੀਕੀ ਡਾਟਾ ਤੱਕ ਸੰਨ੍ਹਮਾਰੀ ਕਰ ਲਈ ਹੈ। ਚੀਨ ਖੁਫੀਆ ਜਾਣਕਾਰੀ ਲਈ ਬਹੁ ਪੱਖੀ ਰਣਨੀਤੀ 'ਤੇ ਕੰਮ ਕਰਦਾ ਹੈ। ਇਸ ਵਿੱਚ ਵੱਖ-ਵੱਖ ਸਰੋਤਾਂ ਤੋਂ ਜੁਟਾਈ ਜਾਣਕਾਰੀ ਦਾ ਵਪਾਰੀਕਰਨ, ਤਕਨੀਕੀ ਅਤੇ ਫੌਜੀ ਫਾਇਦੇ ਲਈ ਇਸਤੇਮਾਲ ਕੀਤਾ ਜਾਂਦਾ ਹੈ। ਇਹ ਕੰਮ ਐਮ ਐਸ ਐਸ ਦੀ ਨਿਗਰਾਨੀ ਹੇਠ ਹੁੰਦਾ ਹੈ.

ਐਮ ਐਸ ਐਸ ਦੁਨੀਆ ਭਰ 'ਚ ਸਿਆਸਤਦਾਨਾਂ, ਸਰਕਾਰੀ ਅਧਿਕਾਰੀਆਂ ਅਤੇ ਇਥੋਂ ਤੱਕ ਕਿ ਫੌਜੀ ਅਫਸਰਾਂ ਨੂੰ ਵੀ ਰਿਸ਼ਵਤ ਖੁਆਉਂਦੀ ਹੈ। ਉਨ੍ਹਾਂ ਨੂੰ ਦਲਾਲਾਂ ਅਤੇ ਹਵਾਲਾ ਜ਼ਰੀਏ ਪੈਸਾ ਭੇਜਿਆ ਜਾਂਦਾ ਹੈ। ਅਮਰੀਕੀ ਕੇਂਦਰੀ ਜਾਂਚ ਬਿਊਰੋ ਦੀ ਪੜਤਾਲ 'ਚ ਸਾਹਮਣੇ ਆਇਆ ਹੈ ਕਿ ਚੀਨ ਨੇ ਤਮਾਮ ਅਜਿਹੇ ਮਸਲਿਆਂ 'ਤੇ ਆਪਣੇ ਹਿੱਤ ਵਿੱਚ ਫੈਸਲੇ ਕਰਾਉਣ ਲਈ ਅਮਰੀਕੀ ਸੈਨੇਟਰਾਂ ਨੂੰ ਰਿਸ਼ਵਤ ਖੁਆਈ। ਆਈ ਐਸ ਆਈ ਅਤੇ ਐਮ ਐਸ ਐਸ ਭਾਰਤ ਵਿੱਚ ਆਪਣੇ ਹਿੱਤ ਸਾਧ ਰਹੀਆਂ ਹਨ। ਇਸ ਲਈ ਹੈਰਤ ਨਹੀਂ ਕਿ ਆਪਣੇ ਇਥੇ ਕੁਝ ਨੇਤਾ ਪਾਕਿਸਤਾਨ ਅਤੇ ਚੀਨ ਦੀ ਪੈਰਵੀ ਕਰਦੇ ਦਿਸਦੇ ਹਨ। ਕੁਝ ਨੂੰ ਤਾਂ ਮੌਜੂਦਾ ਮੋਦੀ ਸਰਕਾਰ ਨੂੰ ਸੱਤਾ ਤੋਂ ਬੇਦਖਲ ਕਰਨ ਵਿੱਚ ਪਾਕਿਸਤਾਨ ਦੀ ਮਦਦ ਲੈਣ ਤੋਂ ਵੀ ਗੁਰੇਜ਼ ਨਹੀਂ ਹੈ। ਅਜਿਹੇ ਹੀ ਇਕ ਨੇਤਾ ਨੇ ਕੁਝ ਅਰਸਾ ਪਹਿਲਾਂ ਪਾਕਿ ਕੂਟਨੀਤਕ ਦੇ ਸਨਮਾਨ ਵਿੱਚ ਭੋਜ ਦਿੱਤਾ ਸੀ, ਜਿਸ ਵਿੱਚ ਸਾਬਕਾ ਉਪ ਰਾਸ਼ਟਰਪਤੀ, ਸਾਬਕਾ ਪ੍ਰਧਾਨ ਮੰਤਰੀ, ਸਾਬਕਾ ਫੌਜ ਮੁਖੀ, ਸਾਬਕਾ ਕੂਟਨੀਤਕ ਤੇ ਕੁਝ ਚੋਣਵੇਂ ਪੱਤਰਕਾਰ ਵੀ ਸ਼ਾਮਲ ਹੋਏ। ਹੈਰਾਨੀ ਇਸ ਗੱਲ ਦੀ ਹੈ ਕਿ ਸਰਕਾਰ ਨਾਲ ਜੁੜੇ ਸਾਬਕਾ ਦਿੱਗਜ ਅਤੇ ਖਾਸਕਰ ਸਾਬਕਾ ਫੌਜ ਮੁਖੀ ਦਾ ਪਾਕਿਸਤਾਨੀ ਮਹਿਮਾਨ ਨਾਲ ਕੀ ਨਾਤਾ ਸੀ ਜੋ ਉਹ ਉਸ ਵਿੱਚ ਸ਼ਾਮਲ ਹੋਏ।

ਇਨਫੋਟੇਨਮੈਂਟ, ਪੱਤਰਕਾਰਤਾ ਅਤੇ ਫਿਲਮ ਉਦਯੋਗ 'ਚ ਆਈ ਐਸ ਆਈ ਦੀ ਘੁਸਪੈਠ ਮੰਨੀ ਜਾਂਦੀ ਹੈ। ਉਹ ਭਾਰਤ ਵਿੱਚ ਪਾਕਿਸਤਾਨ ਦਾ ਨਜ਼ਰੀਆ ਰੱਖਦੇ ਹਨ। ਇਸਰੋ ਦੇ ਸੀਨੀਅਰ ਵਿਗਿਆਨੀ ਨੰਬੀ ਨਾਰਾਇਣਨ ਦਾ ਮਾਮਲਾ ਬੀਤੇ ਦਿਨੀਂ ਸੁਰਖੀਆਂ ਵਿੱਚ ਰਿਹਾ। ਸੀ ਆਈ ਏ ਨੇ ਭਾਰਤੀ ਖੁਫੀਆ ਏਜੰਸੀਆਂ ਨਾਲ ਮਿਲ ਕੇ 1994 'ਚ ਉਨ੍ਹਾਂ ਨੂੰ ਜਾਸੂਸੀ ਦੇ ਇਕ ਝੂਠੇ ਕੇਸ 'ਚ ਫਸਾ ਦਿੱਤਾ ਸੀ। ਆਮ ਧਾਰਨਾ ਹੈ ਕਿ ਇਸ ਦੀ ਸਾਜ਼ਿਸ਼ ਇਸ ਲਈ ਬੁਣੀ ਗਈ ਕਿਉਂਕਿ ਭਾਰਤ ਸਵਦੇਸ਼ੀ ਕ੍ਰਾਇਜੈਨਿਕ ਰਾਕੇਟ ਇੰਜਣ ਬਣਾਉਣ ਦੀ ਦਿਸ਼ਾ ਵਿੱਚ ਠੋਸ ਤਰੱਕੀ ਕਰਨ ਦੇ ਮੁਹਾਣੇ 'ਤੇ ਸੀ ਜੋ ਲੰਬੀ ਦੂਰੀ ਦੀ ਮਿਜ਼ਾਈਲ ਲਈ ਬਹੁਤ ਅਹਿਮ ਸੀ। ਸੀ ਆਈ ਏ ਨੇ ਇਸ ਨੂੰ ਲੀਹੋਂ ਲਾਹ ਦਿੱਤਾ। ਇਸ ਮਾਮਲੇ 'ਚ ਮਾਲਦੀਵ ਦੀ ਇਕ ਔਰਤ ਨੂੰ ਦੋਸ਼ੀ ਬਣਾਇਆ ਗਿਆ ਕਿ ਉਹ ਖੁਫੀਆ ਜਾਣਕਾਰੀ ਜੁਟਾ ਰਹੀ ਸੀ, ਪਰ ਅਜਿਹੀ ਕੋਈ ਜਾਣਕਾਰੀ ਨਹੀਂ ਸੀ। ਜਾਣੇ ਅਣਜਾਣੇ ਨੇਤਾ ਅਤੇ ਪੱਤਰਕਾਰ ਜਾਸੂਸੀ ਦੇ ਇਸ ਕਾਂਡ ਵਿੱਚ ਉਲਝ ਗਏ ਤੇ ਪ੍ਰਾਜੈਕਟ ਅੱਧਵਾਟੇ ਰਹਿ ਗਿਆ। ਸੁਪਰੀਮ ਕੋਰਟ ਨੇ ਨਾਰਾਇਣਨ ਨੂੰ ਤਾਂ ਬਾਇੱਜ਼ਤ ਬਰੀ ਕਰ ਦਿੱਤਾ, ਪਰ ਇਸ ਦੇ ਸਾਜ਼ਿਸ਼ਘਾੜਿਆਂ ਖਿਲਾਫ ਕੋਈ ਕਾਰਵਾਈ ਨਹੀਂ ਹੋਈ।

ਰੱਖਿਆ ਉਪਕਰਨਾਂ ਦੇ ਵਿਕਾਸ, ਖਰੀਦ ਅਤੇ ਐਕਵਾਇਰ ਨੂੰ ਅਟਕਾਉਣਾ ਅਤੇ ਹਥਿਆਰਾਂ ਦੀ ਗੁਣਵੱਤਾ ਸਬੰਧੀ ਝੂਠੀਆਂ ਅਫਵਾਹਾਂ ਫੈਲਾਉਣਾ ਅਕਸਰ ਬਾਹਰੀ ਤਾਕਤਾਂ ਦੀ ਗੰਢ ਤੁੱਪ ਦਾ ਹਿੱਸਾ ਹੁੰਦਾ ਹੈ। ਇਸ ਦਾ ਮਕਸਦ ਫੌਜੀ ਬਲਾਂ ਦਾ ਮਨੋਬਲ ਕਮਜ਼ੋਰ ਕਰਨਾ ਹੁੰਦਾ ਹੈ। ਭਾਰਤੀ ਹਵੀ ਫੌਜ 'ਚ ਲੜਾਕੂ ਜਹਾਜ਼ਾਂ ਦੀ ਘਾਟ ਤਾਂ ਹੈ ਹੀ, ਉਸ ਵਿੱਚ ਨਵੀਂ ਪੀੜ੍ਹੀ ਦੇ ਜਹਾਜ਼ ਵੀ ਨਹੀਂ ਹਨ। ਅਜਿਹੇ ਵਿੱਚ ਪਾਕਿਸਤਾਨ ਅਤੇ ਚੀਨ ਨੂੰ ਜਵਾਬ ਦੇਣ ਵਿੱਚ ਸਾਡੀ ਹਵਾਈ ਫੌਜ ਦੀ ਸਮਰੱਥਾ ਸੀਮਤ ਹੋ ਜਾਂਦੀ ਹੈ। ਪਿਛਲੇ ਸਾਲ ਪਾਕਿਸਤਾਨ ਖਿਲਾਫ ਸਰਜੀਕਲ ਸਟ੍ਰਾਈਕ ਤੋਂ ਬਾਅਦ ਫਾਲੋਅਪ ਮੁਹਿੰਮ ਨਾ ਚਲਾਉਣ ਦੀ ਇਕ ਵਜ੍ਹਾ ਇਹ ਵੀ ਹੋ ਸਕਦੀ ਹੈ ਕਿਉਂਕਿ ਇਸ ਦੀ ਦੁਹਰਾਈ ਨਾਲ ਜੰਗ ਛਿੜਣ ਦਾ ਖਦਸ਼ਾ ਸੀ। ਹੁਣ ਰਾਫੇਲ ਦੀ ਖਰੀਦ ਨੂੰ ਲਟਕਾ ਕੇ ਰਾਸ਼ਟਰੀ ਸੁਰੱਖਿਆ ਨੂੰ ਖਤਰੇ 'ਚ ਪਾਉਣ ਦੀ ਕੋਸ਼ਿਸ਼ ਹੋ ਰਹੀ ਹੈ। ਮਨੋਵਿਗਿਆਨਕ ਲੜਾਈ ਵਿੱਚ ਜੇ ਇਕ ਝੂਠ ਨੂੰ ਹੀ ਸੌ ਵਾਰ ਦੁਹਰਾਇਆ ਜਾਵੇ ਤਾਂ ਉਹ ਕੁਝ ਸੱਚ ਦਾ ਅਹਿਸਾਸ ਕਰਵਾਉਣ ਲੱਗਦੀ ਹੈ। ਇਹੀ ਕਾਰਨ ਹੈ ਕਿ ਸਰਕਾਰਾਂ ਵਿਚਾਲੇ ਹੋਏ ਸੌਦੇ ਨੂੰ ਵੀ ਘੁਟਾਲਾ ਕਿਹਾ ਜਾ ਰਿਹਾ ਹੈ। ਭਾਰਤ ਵਿੱਚ ਵਿਦੇਸ਼ੀ ਮਦਦ ਦੇ ਨਾਜਾਇਜ਼ ਪ੍ਰਵਾਹ ਦੀ ਉਚ ਪੱਧਰੀ ਜਾਂਚ ਕਰਵਾਉਣ ਦੀ ਜ਼ਰੂਰਤ ਹੈ। ਇਸੇ ਤਰ੍ਹਾਂ ਸਿਆਸੀ ਪਾਰਟੀਆਂ ਨੂੰ ਮਿਲਣ ਵਾਲੇ ਵਿਦੇਸ਼ੀ ਚੰਦੇ ਦੀ ਵੀ ਪੜਤਾਲ ਹੋਣੀ ਚਾਹੀਦੀ ਹੈ।

# Sikhs to be exempted from Ontario motorcycle helmet law

Surjit Singh Flora

BRAMPTON – Premier Doug Ford met members of Sikh Motorcycle Club to discuss helmet laws today at 10am at Millennium Gardens Banquet Centre, Brampton

Premier Ford said the helmet exemption will recognize Sikh motorcycle riders' civil rights and religious expression. But the road safety will remain a priority, and his government also believes that individuals have personal accountability and responsibility with respect to their own well-being.

Last week, Tory legislator Prabmeet Sarkaria Brampton MPP tabled a bill to amend the Highway Traffic to allow the exemption. "The wearing of the turban is an essential part of the Sikh faith and identity," Sarkaria said.

Just in March, Alberta became the third province to exempt Sikh riders from helmets, joining British Columbia and Manitoba. Private member bills were introduced in Ontario by former Ontario NDP MPP Jagmeet Singh in 2013 and twice in 2016 for an exemption but were quashed by Kathleen Wynne's Liberal government.

She said, "After careful deliberation, we have determined that we will not grant this type of exemption as it would pose a road safety risk," it will be struggled with striking the right balance between public safety and religious accommodation.

Also, she said, "Ultimately, the safety of Ontarians is my utmost priority, and I cannot justify setting that concern aside on this issue."

In Sikhism, a turban is worn over long hair to represent a person's obedience to, belief their guru, and is considered extremely important. A helmet often can't be made to fit over a turban, many countries – including India and Nepal – have allowed exemptions for Sikh motorcyclists to wear a turban instead of a helmet as other riders would be required to wear for.

In Ontario, the helmet law as it applies to Sikhs was first challenged in 2008, when the Ontario Human Rights Commission took up the cause of Baljinder Badesha, who was fighting a $110 ticket he received a few years prior for refusing to wear his motorcycle helmet.

Ontario Court Justice James Blacklock, however, ruled against Badesha and the OHRC, issuing a 35-page decision. In it, he writes an exemption would render the helmet law unwieldy since anyone violating it could simply claim they were devout.

Mr. Ford said that till now we are working on the speed of power to fulfill our election commitments. Those promises not yet been fulfilled are being worked very seriously. we have to take strong steps. While defending some parts of Brampton, Mississauga, and Toronto, we remember our promise. Sample "Promises made, promises kept."

# ਹਲਕਾ ਫੁਲਕਾ

ਮੁੰਡਾ, "ਮੈਂ ਤੁਹਾਡੀ ਬੇਟੀ ਨਾਲ ਵਿਆਹ ਕਰਵਾਉਣਾ ਚਾਹੁੰਦਾ ਹਾਂ।"
ਕੁੜੀ ਦਾ ਪਿਤਾ, "ਕਿੰਨਾ ਕਮਾ ਲੈਂਦਾ ਏਂ?"
ਮੁੰਡਾ, "20 ਹਜ਼ਾਰ ਰੁਪਏ ਮਹੀਨਾ।"
ਕੁੜੀ ਦਾ ਪਿਤਾ, "17 ਹਜ਼ਾਰ ਰੁਪਏ ਮੈਂ ਆਪਣੀ ਬੇਟੀ ਨੂੰ ਪਾਕੇਟ ਮਨੀ ਦਿੰਦਾ ਹਾਂ।"
ਮੁੰਡਾ, "ਉਹ ਮਿਲਾ ਕੇ ਹੀ ਦੱਸ ਰਿਹਾ ਹਾਂ ਅੰਕਲ ਜੀ।"

*********

ਰਮਨ, "ਤੇਰੀ ਸਭ ਤੋਂ ਵੱਡੀ ਤਾਕਤ ਕੀ ਹੈ?"
ਦਮਨ, "ਮੇਰੀ ਪਤਨੀ।"
ਰਮਨ,"...ਅਤੇ ਸਭ ਤੋਂ ਵੱਡੀ ਕਮਜ਼ੋਰੀ ਕੀ ਹੈ?"
ਦਮਨ,"ਦੂਜੇ ਦੀ ਪਤਨੀ।"

*********

ਪਤਨੀ, "ਵਿਆਹ ਤੋਂ ਬਾਅਦ ਤੁਸੀਂ ਮੇਰੇ ਨਾਲ ਪਿਆਰ ਨਹੀਂ ਕਰਦੇ।"
ਪਤੀ, "ਪੇਪਰ ਕਲੀਅਰ ਹੋਣ ਤੋਂ ਬਾਅਦ ਕੌਣ ਪੜ੍ਹਦਾ ਹੈ ਯਾਰ?"

*********

ਪਤਨੀ (ਪਤੀ ਨੂੰ), "ਤੁਹਾਨੂੰ ਜ਼ਰਾ ਵੀ ਤਮੀਜ਼ ਨਹੀਂ ਕਿ ਮੈਂ ਕਿੰਨੀ ਦੇਰ ਤੋਂ ਬਕੀ ਜਾ ਰਹੀ ਹਾਂ ਅਤੇ ਤੁਸੀਂ ਉਬਾਸੀਆਂ ਮਾਰੀ ਜਾ ਰਹੇ ਹੋ।"
ਪਤੀ (ਗੁੱਸੇ ਵਿੱਚ), "ਮੈਂ ਉਬਾਸੀਆਂ ਨਹੀਂ ਮਾਰ ਰਿਹਾ, ਬੋਲਣ ਦੀ ਕੋਸ਼ਿਸ਼ ਕਰ ਰਿਹਾ ਹਾਂ।"

*********

ਪਤੀ ਵਾਲ ਕਟਵਾ ਕੇ ਘਰ ਮੁੜਿਆ ਅਤੇ ਪਤਨੀ ਨੂੰ ਬੋਲਿਆ, "ਦੇਖੋ ਮੈਂ ਤੇਰੇ ਨਾਲੋਂ 10 ਸਾਲ ਛੋਟਾ ਲੱਗਦਾ ਹਾਂ ਜਾਂ ਨਹੀਂ?"
ਹਾਜ਼ਰ ਜਵਾਬ ਪਤਨੀ ਬੋਲੀ, "ਮੁੰਡਨ ਕਰਵਾ ਲੈਂਦੇ, ਅਜਿਹਾ ਲੱਗਦਾ ਤਾਜ਼ਾ-ਤਾਜ਼ਾ ਪੈਦਾ ਹੋਏ ਲੱਗਣਾ ਸੀ।"

# ਭਾਰਤ ਮਾਤਾ ਦੇ ਲਾਲ, ਸ਼ਾਸਤਰੀ ਜੀ

-ਸਤਿੰਦਰ ਸਿੰਘ ਰੰਧਾਵਾ

ਲਾਲ ਬਹਾਦਰ ਸ਼ਾਸਤਰੀ ਦਾ ਜਨਮ ਦੋ ਅਕਤਬੂਰ 1904 ਨੂੰ ਸ਼ਾਰਦਾ ਪ੍ਰਸਾਦ ਵਰਮਾ ਅਤੇ ਰਾਮ ਦੁਲਾਰੀ ਦੇ ਗ੍ਰਹਿ ਮੁਗਲਸਰਾਏ (ਵਾਰਾਨਸੀ) ਵਿੱਚ ਹੋਇਆ ਸੀ। ਉਹ ਦੋ ਭੈਣਾਂ ਦੇ ਇਕਲੌਤੇ ਭਰਾ ਸਨ। ਡੇਢ ਸਾਲ ਦੀ ਉਮਰ ਵਿੱਚ ਪਿਤਾ ਦੀ ਮੌਤ ਪਿੱਛੋ ਪਰਵਾਰ ਦੇ ਪਾਲਣ ਦੀ ਜ਼ਿੰਮੇਵਾਰੀ ਨਾਨਾ ਹਜ਼ਾਰੀ ਲਾਲ ਦੇ ਮੋਢਿਆਂ 'ਤੇ ਆ ਪਈ। ਉਹ ਮੁਗਲਸਰਾਏ ਦੇ ਰੇਲਵੇ ਸਕੂਲ ਵਿੱਚ ਮੁੱਖ ਅਧਿਆਪਕ ਤੇ ਅੰਗਰੇਜ਼ੀ ਦੇ ਅਧਿਆਪਕ ਸਨ। ਅਨੇਕ ਮੁਸ਼ਕਲਾਂ ਦਾ ਸਾਹਮਣਾ ਕਰਦਿਆਂ ਰਾਮ ਦੁਲਾਰੀ ਨੇ ਆਪਣੇ ਤਿੰਨਾਂ ਬੱਚਿਆਂ ਨੂੰ ਪਾਲਿਆ ਤੇ ਪੜ੍ਹਾਇਆ। ਲਾਲ ਬਹਾਦਰ ਨੇ ਫਿਲਾਸਫੀ ਤੇ ਨੀਤੀ ਸ਼ਾਸਤਰ ਵਿੱਚ ਬੀ ਏ ਕਰਨ ਉਪਰੰਤ 'ਸ਼ਾਸਤਰੀ' ਦੀ ਡਿਗਰੀ ਹਾਸਲ ਕੀਤੀ। ਇਸ ਤਰ੍ਹਾਂ ਸ਼ਾਸਤਰੀ ਉਨ੍ਹਾਂ ਦਾ ਤਖੱਲਸ ਬਣਿਆ। ਉਹ ਹਿੰਦੀ, ਸੰਸਕ੍ਰਿਤ, ਅੰਗਰੇਜ਼ੀ, ਉਰਦੂ ਤੇ ਫਾਰਸੀ ਦੇ ਜਾਣੂ ਸਨ।



ਹੋਵਰਡ ਗਾਰਡਨਰ ਦੀ ਖੋਜ ਦੱਸਦੀ ਹੈ ਕਿ ਮਹਾਨ ਆਗੂ ਦੇ ਲੱਛਣ ਬਚਪਨ ਵਿੱਚ ਦਿਸਣ ਲੱਗ ਪੈਂਦੇ ਹਨ। ਉਹ ਬੱਚੇ, ਭਵਿੱਖ ਦੇ ਮਹਾਨ ਆਗੂ ਬਣਦੇ ਹਨ, ਜਿਨ੍ਹਾਂ ਨੇ ਬਚਪਨ ਵਿੱਚ ਮੰਦਹਾਲੀ ਤੇ ਅਸਫਲਤਾ ਦਾ ਮੁਕਾਬਲਾ ਕੀਤਾ ਹੁੰਦਾ ਹੈ। ਸਾਡੇ ਕੋਲ ਕਈ ਆਗੂਆਂ ਦੀਆਂ ਮਿਸਾਲਾਂ ਹਨ, ਜਿਨ੍ਹਾਂ ਨੇ ਬਚਪਨ ਵਿੱਚ ਮਾਪੇ ਗੁਆਏ। ਦੁਖਦਾਈ ਹਾਲਾਤ ਦੇ ਥਪੇੜੇ ਅਜਿਹੇ ਬਾਲਕਾਂ ਨੂੰ ਮਜ਼ਬੂਤੀ ਦਿੰਦੇ ਹਨ ਤੇ ਭਵਿੱਖ ਵਿੱਚ ਇਹ ਦੇਸ਼ ਦੀ ਅਗਵਾਈ ਕਰਦੇ ਹਨ। ਇਹ ਤੱਥ ਸ਼ਾਸਤਰੀ ਜੀ ਦੇ ਜੀਵਨ 'ਚ ਭਲੀ ਪ੍ਰਕਾਰ ਉਜਾਗਰ ਹੁੰਦਾ ਹੈ। ਬਚਪਨ ਵਿੱਚ ਉਨ੍ਹਾਂ ਮੁਫਤ ਦੀ ਬੇੜੀ ਵਿੱਚ ਸਵਾਰੀ ਕਰਨ ਦੀ ਥਾਂ ਗੰਗਾ ਨੂੰ ਤੈਰ ਕੇ ਪਾਰ ਕਰਨ ਨੂੰ ਤਰਜੀਹ ਦਿੱਤੀ। ਇਹ ਸਵੈਮਾਣ ਦਾ ਪ੍ਰਗਟਾਵਾ ਸੀ। ਉਨ੍ਹਾਂ 1965 ਵਿੱਚ ਇਸ ਅਮਲ ਨੂੰ ਮੁੜ ਦੁਹਰਾਇਆ ਜਦੋਂ ਅਮਰੀਕਾ ਨੇ ਭਾਰਤ ਨੂੰ ਕਣਕ ਦੇਣ ਤੋਂ ਇਨਕਾਰ ਕਰ ਦਿੱਤਾ। ਸ਼ਾਸਤਰੀ ਜੀ ਨੇ ਦੇਸ਼ ਵਾਸੀਆਂ ਨੂੰ ਪ੍ਰੇਰਿਆ ਕਿ ਹੱਥ ਅੱਡ ਕੇ ਭਿਖਾਰੀਆਂ ਵਾਂਗ ਮੰਗਣ ਨਾਲੋਂ ਭੁੱਖੇ ਰਹਿਣਾ ਮਾਣ ਭਰਿਆ ਹੈ।

ਹੈਰਾਨੀ ਹੁੰਦੀ ਹੈ ਕਿ ਇਕ ਬਾਲਕ ਜਿਸ ਕੋਲ ਸਕੂਲ ਦੇ ਵਕਤ ਕਿਤਾਬ ਖਰੀਦਣ ਲਈ ਵੀ ਪੈਸੇ ਨਹੀਂ ਸਨ, ਉਸ ਨੇ ਉਚ ਆਦਰਸ਼ਾਂ ਸਦਕਾ 1965 ਦੀ ਭਾਰਤ ਪਾਕਿ ਜੰਗ ਵੇਲੇ ਅਤੇ ਅੰਨ ਦੀ ਘਾਟ ਕਾਰਨ ਪੈਦਾ ਹੋਏ ਨਾਜ਼ੁਕ ਹਾਲਾਤ ਵਿੱਚ ਦੇਸ਼ ਦਾ ਮਾਰਗ ਦਰਸ਼ਨ ਕੀਤਾ। ਸ਼ਾਸਤਰੀ ਜੀ ਦਾ ਮੰਨਣਾ ਸੀ ਕਿ ਦੇਸ਼ ਦੇ ਕਾਨੂੰਨ ਦੀ ਪਾਲਣਾ ਕਰਨੀ ਹਰ ਕਿਸੇ ਦਾ ਧਰਮ ਹੈ। ਸਰਕਾਰੀ ਸ਼ਕਤੀ ਨੂੰ ਮਾਣਦੇ ਲੋਕਾਂ ਨੂੰ ਇਸ ਦੀ ਪਾਲਣਾ ਵਧੇਰੇ ਸੰਜੀਦਗੀ ਨਾਲ ਕਰਨੀ ਚਾਹੀਦੀ ਹੈ ਤਾਂ ਹੀ ਦੇਸ਼ ਵਿੱਚ ਨਿਆਂ ਕਾਇਮ ਰਹੇਗਾ। ਜੇ ਦੇਸ਼ ਦੇ ਆਗੂ ਕਾਨੂੰਨ ਨੂੰ ਖਿਡੌਣਾ ਬਣਾਉਣਗੇ ਤਾਂ ਸਮਾਜ ਵਿੱਚ ਆਪਾਧਾਪੀ ਮਚ ਜਾਵੇਗੀ। 1956 ਈ. ਵਿੱਚ ਉਹ ਰੇਲ ਮੰਤਰੀ ਸਨ। ਮਦਰਾਸ ਵਿੱਚ ਰੇਲ ਦੁਰਘਟਨਾ ਵਾਪਰੀ। ਉਨ੍ਹਾਂ ਬਿਨਾਂ ਕਿਸੇ ਦਬਾਅ ਤੋਂ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਨੈਤਿਕਤਾ ਦੇ ਆਧਾਰ 'ਤੇ ਅਸਤੀਫਾ ਪੇਸ਼ ਕੀਤਾ। ਇਹ ਅਮਲ ਉਨ੍ਹਾਂ ਮੰਤਰੀਆਂ ਲਈ ਸਬਕ ਹੈ ਜੋ ਅਦਾਲਤ ਵੱਲੋਂ ਦੋਸ਼ੀ ਠਹਿਰਾਏ ਜਾਣ ਦੇ ਬਾਵਜੂਦ ਕੁਰਸੀ ਦਾ ਮੋਹ ਨਹੀਂ ਤਿਆਗਦੇ।

ਸਾਡੇ ਆਗੂਆਂ ਦੇ ਨਿਘਾਰ ਕਾਰਨ ਸਰਕਾਰੀ ਦਫਤਰਾਂ ਵਿੱਚ ਘੁਮੰਡ, ਨਿਕੰਮਾਪਣ ਅਤੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਸ਼ਾਤਰੀ ਜੀ ਦਫਤਰਾਂ ਵਿੱਚ ਆਮ ਲੋਕਾਂ ਦੀ ਖੱਜਲ ਖੁਆਰੀ ਤੋਂ ਚਿੰਤਤ ਰਹਿੰਦੇ ਸਨ। ਉਹ ਸਵਾਲ ਕਰਦੇ ਸਨ ਕਿ ਕਿਉਂ ਵੱਡੇ ਮੇਜ਼ਾਂ ਪਿੱਛੇ ਬੈਠੇ ਲੋਕ, ਆਮ ਜਨਤਾ ਦੀਆਂ ਮੁਸੀਬਤਾਂ ਅਤੇ ਦੁੱਖਾਂ ਨੂੰ ਸਹਿਜਤਾ ਨਾਲ ਨਜ਼ਰ ਅੰਦਾਜ਼ ਕਰਦੇ ਹਨ? ਲੋਕਾਂ ਦੀ ਮਦਦ ਲਈ ਉਨ੍ਹਾਂ ਨੂੰ ਸਹੂਲਤ ਅਤੇ ਤਨਖਾਹ ਮਿਲਦੀ ਹੈ। ਇਕ ਵਾਰ ਸ਼ਾਸਤਰੀ ਜੀ ਦੇ ਨਾਬਾਲਗ ਪੁੱਤਰ ਅਨਿਲ ਨੇ ਜਾਅਲੀ ਲਾਇਸੈਂਸ ਬਣਵਾ ਲਿਆ। ਸ਼ਾਸਤਰੀ ਜੀ ਨੂੰ ਪਤਾ ਲੱਗਾ। ਉਨ੍ਹਾਂ ਗੰਭੀਰ ਨੋਟਿਸ ਲਿਆ ਅਤੇ ਆਪਣੇ ਪ੍ਰਾਈਵੇਟ ਸੈਕਟਰੀ, ਆਰ ਟੀ ਓ ਦੇ ਅਧਿਕਾਰੀਆਂ ਅਤੇ ਗ੍ਰਹਿ ਮੰਤਰਾਲੇ ਨੂੰ ਭਰੇ ਮਨ ਨਾਲ ਕਿਹਾ, 'ਅੱਜ ਪ੍ਰਧਾਨ ਮੰਤਰੀ ਦੇ ਘਰ ਵਿੱਚ ਖੁੱਲ੍ਹੇਆਮ ਦੇਸ਼ ਦੇ ਕਾਨੂੰਨ ਦਾ ਮਖੌਲ ਉਡਾਇਆ ਗਿਆ ਹੈ। ਇਕ ਅੱਲ੍ਹੜ ਦਾ ਬਿਨਾਂ ਟੈਸਟ ਲਏ ਅਤੇ ਬਿਨਾਂ ਉਮਰ ਦੀ ਯੋਗਤਾ ਦੇਖਿਆ ਕਿਵੇਂ ਲਾਇਸੈਂਸ ਜਾਰੀ ਕੀਤਾ ਗਿਆ ਹੈ?' ਸਬੰਧਤ ਦਫਤਰ ਨੇ ਤੁਰੰਤ ਲਾਇਸੈਂਸ ਰੱਦ ਕਰ ਕੇ ਆਪਣੀ ਗਲਤੀ ਸੁਧਾਰੀ। ਸ਼ਾਸਤਰੀ ਜੀ ਆਪਣਾ ਕੰਮ ਆਪ ਕਰਦੇ ਸਨ। ਪ੍ਰਧਾਨ ਮੰਤਰੀ ਹੁੰਦਿਆਂ ਵੀ ਉਹ ਆਪ ਤੋਂ ਬੱਚਿਆਂ ਦੇ ਰਿਪੋਰਟ ਕਾਰਡ ਲੈਣ ਜਾਂਦੇ ਸਨ। ਉਨ੍ਹਾਂ ਦੀ ਪਰਵਾਰ ਨੂੰ ਸਖਤ ਹਦਾਇਤ ਸੀ ਕਿ ਕਤਾਰਾਂ ਵਿੱਚ ਖੜੇ ਹੋ ਕੇ ਵਾਰੀ ਸਿਰ ਕੰਮ ਕਰਵਾਓ ਤੇ ਅਸਰ ਰਸੂਖ ਨਾ ਵਰਤੋਂ। ਉਹ ਮਿਹਨਤੀ ਸਾਥੀਆਂ ਨੂੰ ਹੱਲਾਸ਼ੇਰੀ ਦੇ ਕੇ ਮਾਣ ਵਧਾਉਂਦੇ ਸਨ। ਰਾਜਨੀਤੀ ਨੂੰ ਬਦਲਾਖੋਰੀ ਲਈ ਵਰਤਣ ਦੀ ਥਾਂ ਵਿਰੋਧੀਆਂ ਨੂੰ ਸਨਮਾਨ ਅਤੇ ਮੌਕਾ ਦਿੰਦੇ ਸਨ।

ਇਕ ਵਾਰ ਉਹ ਪ੍ਰਧਾਨ ਮੰਤਰੀ ਹੁੰਦਿਆਂ ਗੁਜਰਾਤ ਦੇ ਆਨੰਦ ਵਿੱਚ ਗਏ। ਇਸ ਹਲਕੇ ਦਾ ਪਾਰਲੀਮੈਂਟ ਮੈਂਬਰ ਵਿਰੋਧੀ ਪਾਰਟੀ 'ਚੋਂ ਸੀ। ਸ਼ਾਸਤਰੀ ਜੀ ਦੇ ਦਫਤਰ ਨੇ ਉਸ ਨੂੰ ਪ੍ਰਧਾਨ ਮੰਤਰੀ ਦੇ ਦੌਰੇ ਦੀ ਸੂਚਨਾ ਨਾ ਦਿੱਤੀ। ਦੇਰ ਸ਼ਾਮ ਸ਼ਾਸਤਰੀ ਜੀ ਨੂੰ ਆਪਣੇ ਦਫਤਰ ਦੀ ਅਣਗਹਿਲੀ ਦਾ ਪਤਾ ਲੱਗਾ। ਉਹ ਉਸ ਐਮ ਪੀ ਦੇ ਘਰ ਪੁੱਜੇ ਅਤੇ ਨਿੱਘੇ ਰਿਸ਼ਤੇ ਸਥਾਪਿਤ ਕੀਤੇ। ਉਨ੍ਹਾਂ ਵੱਲੋਂ ਸਥਾਪਿਤ ਕੀਤੇ ਉਚੇ ਆਦਰਸ਼ਾਂ ਕਰਕੇ ਹੀ 'ਜੈ ਜਵਾਨ ਜੈ ਕਿਸਾਨ' ਦੀ ਪ੍ਰਸੰਗਿਕਤਾ ਕਾਇਮ ਹੈ। 1964 ਵਿੱਚ ਜਦੋਂ ਉਹ ਪ੍ਰਧਾਨ ਮੰਤਰੀ ਬਣੇ ਤਾਂ ਉਨ੍ਹਾਂ ਦੇ ਮਾਤਾ ਜੀ ਵਾਰਾਨਸੀ ਵਿੱਚ ਗੰਗਾ ਤੱਟ 'ਤੇ ਪੂਜਾ ਕਰ ਰਹੇ ਸਨ। ਪੱਤਰਕਾਰਾਂ ਦੇ ਇਕੱਠ ਨੇ ਵਧਾਈ ਦਿੰਦਿਆਂ ਪੁੱਛਿਆ, 'ਤੁਸੀਂ ਆਪਣੇ ਪੁੱਤਰ ਤੋਂ ਕੀ ਉਮੀਦ ਕਰਦੇ ਹੋ?' ਮਾਤਾ ਦਾ ਜਵਾਬ ਸੀ, 'ਇਕੋ ਉਮੀਦ। ਉਹ ਕਦੇ ਵੀ ਦੇਸ਼ ਵਾਸੀਆਂ ਦੇ ਮਾਣ ਸਨਮਾਨ ਅਤੇ ਜੀਵਨ ਨੂੰ ਖਤਰੇ ਵਿੱਚ ਨਾ ਪਾਵੇ।'

ਸ਼ਾਸਤਰੀ ਜੀ ਨੇ ਆਪਣੀ ਮਾਤਾ ਦੀ ਇਸ ਉਮੀਦ ਨੂੰ ਕਦੇ ਵੀ ਟੁੱਟਣ ਨਹੀਂ ਦਿੱਤਾ। 11 ਜਨਵਰੀ 1966 ਨੂੰ ਉਨ੍ਹੰ ਦੀ ਤਾਸ਼ਕੰਦ ਵਿੱਚ ਮੌਤ ਹੋਈ।


jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜ਼ਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton 905-458-4733 (see Kamal)



SimConnect FREIGHT MANAGEMENT

HIRING OWNER OPERATORS FOR LAREDO TX & MIDWEST LANES

ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

Owner Operator up to 1.65 Per miles

Company Drivers :
Solo/Team : upto .65 Cents Per Mile



Sim Connect Freight Management

24 Hrs Dispatch

Ph: (905)915-1805/(905)799-8822
3380 Airway Dr Mississauga Ontario L4T1V3

# ਨੇਤਾਵਾਂ ਦੀ ਚੋਣਾਵੀ ਠੱਗ ਵਿਦਿਆ ਤੋਂ ਚੌਕੰਨੇ ਰਹਿਣ ਵੋਟਰ

-ਯੋਗੇਂਦਰ ਯੋਗੀ-

ਹਿੰਦੀ ਸਾਹਿਤ ਦੇ ਵਿਅੰਗਕਾਰ ਸ਼ਰਦ ਜੋਸ਼ੀ ਨੇ ਲਗਭਗ 25 ਸਾਲ ਪਹਿਲਾਂ ਵਿਅੰਗ ਲਿਖਿਆ ਸੀ-'ਜਿਸ ਕੇ ਹਮ ਮਾਮਾ ਹੈਂ।' ਇਸ ਦਾ ਸਾਰ ਇਹ ਹੈ ਕਿ ਇੱਕ ਠੱਗ ਬਨਾਰਸ ਆਏ ਇੱਕ ਬਜ਼ੁਰਗ ਦਾ ਭਾਣਜਾ ਬਣ ਕੇ ਉਸ ਦਾ ਮਾਲ ਲੈ ਕੇ ਰਫੂਚੱਕਰ ਹੋ ਜਾਂਦਾ ਹੈ ਤੇ ਮਾਮਾ ਜੀ ਗੰਗਾ ਦੇ ਘਾਟ 'ਤੇ ਤੌਲੀਆ ਲਪੇਟੀ ਉਸ ਨੂੰ ਲੱਭਦੇ ਰਹਿੰਦੇ ਹਨ। ਇਸ ਦੇ ਜ਼ਰੀਏ ਜੋਸ਼ੀ ਨੇ ਮੌਜੂਦਾ ਸਿਆਸੀ ਅਤੇ ਚੋਣ ਵਿਵਸਥਾ 'ਤੇ ਵਿਅੰਗ ਕੀਤਾ ਹੈ।

ਜਿਸ ਤਰ੍ਹਾਂ ਉਹ ਠੱਗ 'ਭਾਣਜਾ' ਬਣ ਕੇ ਬਜ਼ੁਰਗ ਦੇ ਕੱਪੜੇ-ਲੱਤੇ ਲੈ ਗਿਆ, ਉਸੇ ਤਰ੍ਹਾਂ ਭਰੋਸਿਆਂ ਦਾ ਛੁਣਛੁਣਾ ਫੜਾ ਕੇ ਨੇਤਾ ਹਰ ਵਾਰ ਪੰਜ ਸਾਲਾਂ ਲਈ 'ਰਫੂਚੱਕਰ' ਹੋ ਜਾਂਦੇ ਹਨ ਤੇ ਵੋਟਰ ਠੱਗੇ ਜਿਹੇ ਰਹਿ ਜਾਂਦੇ ਹਨ। ਜੋਸ਼ੀ ਨੇ ਇਸ ਚੋਣਾਵੀ ਠੱਗ ਵਿਦਿਆ ਤੋਂ ਵੋਟਰਾਂ ਨੂੰ ਚੌਕੰਨੇ ਰਹਿਣ ਲਈ ਵਿਅੰਗ ਲਿਖਿਆ ਸੀ। ਅੱਜ ਕੱਲ੍ਹ ਫਿਰ ਇਹੋ ਵਿਅੰਗ ਵੋਟਰਾਂ ਲਈ ਕਸੌਟੀ ਹੈ, ਕਿਉਂਕਿ ਚੋਣ ਕਮਿਸ਼ਨ ਨੇ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦਾ ਬਿਗੁਲ ਵਜਾ ਦਿੱਤਾ ਹੈ, ਹਾਲਾਂਕਿ ਸਿਆਸੀ ਪਾਰਟੀਆਂ ਨੇ ਕਾਫੀ ਪਹਿਲਾਂ ਤੋਂ ਜਨ ਸਭਾਵਾਂ ਤੇ ਯਾਤਰਾਵਾਂ ਦੇ ਜ਼ਰੀਏ ਵੋਟਰਾਂ ਨੂੰ ਲੁਭਾਉਣ ਦੇ ਯਤਨ ਆਰੰਭੇ ਹੋਏ ਹਨ। ਸਿਆਸੀ ਪਾਰਟੀਆਂ ਲਗਭਗ ਹੋਈ ਹੋਣਗੀਆਂ, ਉਮੀਦਵਾਰਾਂ 'ਚ ਕੁਝ ਅਦਲਾ-ਬਦਲੀ ਜ਼ਰੂਰ ਹੋ ਸਕਦੀ ਹੈ। ਦੇਖਣਾ ਇਹੋ ਹੈ ਕਿ ਵੋਟਰ 'ਮਾਮਾ ਜੀ' ਵਾਂਗ ਨੇਤਾਵਾਂ ਦੇ ਜਾਲ ਵਿੱਚ ਤਾਂ ਨਹੀਂ ਫਸਦੇ?

ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੂੰ ਪੂਰੇ ਦੇਸ਼ ਦਾ ਰੁਝਾਨ ਨਹੀ ਮੰਨਿਆ ਜਾ ਸਕਦਾ, ਪਰ ਇਹ ਨਤੀਜੇ ਕਾਫੀ ਹੱਦ ਤੱਕ ਲੋਕ ਸਭਾ ਚੋਣਾਂ ਦੇ ਨਤੀਜਿਆਂ ਨੂੰ ਪ੍ਰਭਾਵਿਤ ਕਰਨ ਵਾਲੇ ਸਿੱਧ ਹੋਣਗੇ। ਇਨ੍ਹਾਂ ਤੋਂ ਬਾਅਦ ਕੇਂਦਰ ਦੀ ਮੋਦੀ ਸਰਕਾਰ ਨੂੰ ਲੋਕ ਸਭਾ ਚੋਣਾਂ ਲਈ ਨਵੇਂ ਸਿਰਿਓਂ ਰਣਨੀਤੀ ਬਣਾਉਣੀ ਪਵੇਗੀ। ਇਸ ਦੀ ਤਿਆਰੀ ਦੇ ਅਗਾਊਂ ਸੰਕੇਤ ਵਜੋਂ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਵਿੱਚ ਕੀਤੀ ਹਲਕੀ ਜਿਹੀ ਕਟੌਤੀ ਸਾਹਮਣੇ ਆ ਚੁੱਕੀ ਹੈ, ਹਾਲਾਂਕਿ ਇਹ ਕੀਮਤਾਂ ਮੁੜ ਵਾਧੇ ਵੱਲ ਹਨ। ਜੇ ਚੋਣ ਨਤੀਜੇ ਭਾਜਪਾ ਦੇ ਪੱਖ ਵਿੱਚ ਰਹੇ ਤਾਂ ਕੇਂਦਰ ਸਰਕਾਰ ਤੋਂ ਖਾਸ ਰਿਆਇਤ ਮਿਲਣ ਦੀ ਆਸ ਨਹੀਂ ਹੋਵੇਗੀ। ਇਸ ਸਥਿਤੀ ਵਿੱਚ ਕਿਹਾ ਜਾਵੇਗਾ ਕਿ ਵੋਟਰ ਕੇਂਦਰ ਸਰਕਾਰ ਦੇ ਕੰਮ ਤੋਂ ਸੰਤੁਸ਼ਟ ਹਨ ਤੇ ਕੇਂਦਰ ਸਰਕਾਰ ਵੀ ਜ਼ਿਆਦਾ ਲੋਕ-ਲੁਭਾਊ ਯੋਜਨਾਵਾਂ ਦਾ ਐਲਾਨ ਕਰਨ ਤੋਂ ਬਚੇਗੀ, ਪਰ ਜੇ ਚੋਣ ਨਤੀਜੇ ਭਾਜਪਾ ਦੇ ਵਿਰੁੱਧ ਆਏ ਤਾਂ ਯਕੀਨੀ ਤੌਰ 'ਤੇ ਕੇਂਦਰ ਸਰਕਾਰ ਨੂੰ ਜ਼ਿਆਦਾ ਲੋਕ ਪੱਖੀ ਬਣਨ ਲਈ ਮਜਬੂਰ ਹੋਣਾ ਪਵੇਗਾ।

ਚੋਣਾਂ ਦੇ ਐਲਾਨ ਤੋਂ ਪਹਿਲਾਂ ਸਿਆਸੀ ਪਾਰਟੀਆਂ ਨੇ ਅਜਿਹੇ ਵਾਅਦਿਆਂ ਦਾ ਪਿਟਾਰਾ ਖੋਲ੍ਹ ਦਿੱਤਾ, ਜਿਨ੍ਹਾਂ ਨੂੰ ਖਾਸ ਕਰ ਕੇ ਹਾਕਮ ਪਾਰਟੀਆਂ ਨੇ ਪੰਜ ਸਾਲਾਂ ਵਿੱਚ ਵੀ ਪੂਰਾ ਨਹੀਂ ਕੀਤਾ। ਵਾਅਦਿਆਂ ਦੀ ਬਚੀ-ਖੁਚੀ ਕਸਰ ਚੋਣ ਮਨੋਰਥ ਪੱਤਰਾਂ ਵਿੱਚ ਸਾਹਮਣੇ ਆਵੇਗੀ। ਵੋਟਰਾਂ ਸਾਹਮਣੇ ਸਵਾਲ ਇਹੋ ਹੈ ਕਿ ਕਿਹੋ ਜਿਹੇ ਅਤੇ ਕਿਸ ਪਾਰਟੀ ਦੇ ਉਮੀਦਵਾਰ ਨੂੰ ਚੁਣਨ। ਸੁਪਰੀਮ ਕੋਰਟ ਨੇ ਉਮੀਦਵਾਰਾਂ ਦੀ ਅਸਲੀਅਤ ਜ਼ਾਹਿਰ ਕਰਨ ਦੀ ਦਿਸ਼ਾ ਵਿੱਚ ਇੱਕ ਲੋਕਤੰਤਰਿਕ ਹਥਿਆਰ ਵੋਟਰਾਂ ਨੂੰ ਜ਼ਰੂਰ ਫੜਾ ਦਿੱਤਾ ਹੈ। ਅੱਗੇ ਤੋਂ ਸਾਰੇ ਉਮੀਦਵਾਰਾਂ ਨੂੰ ਆਪਣੇ ਅਪਰਾਧਕ ਰਿਕਾਰਡ ਦਾ ਵੇਰਵਾ ਮੀਡੀਆ 'ਚ ਇਸ਼ਤਿਹਾਰਾਂ ਦੇ ਜ਼ਰੀਏ ਦੱਸਣਾ ਪਵੇਗਾ, ਜਿਸ ਨੂੰ ਸਿਆਸੀ ਪਾਰਟੀਆਂ ਅਕਸਰ ਲੁਕੋ ਲੈਂਦੀਆਂ ਹਨ। ਵੋਟਰਾਂ ਸਾਹਮਣੇ ਇਹ ਸਥਿਤੀ ਨਹੀਂ ਹੋਵੇਗੀ ਕਿ ਅਪਰਾਧੀ ਕਿਸਮ ਦੇ ਉਮੀਦਵਾਰਾਂ ਦੀ ਜਾਣਕਾਰੀ ਉਨ੍ਹਾਂ ਨੂੰ ਨਾ ਮਿਲੇ ਤੇ ਉਮੀਦਵਾਰਾਂ ਨੂੰ ਧੋਖੇ ਨਾਲ ਚੁਣ ਲਿਆ ਜਾਵੇ। ਅਪਰਾਧੀ ਅਕਸ ਵਾਲੇ ਦੀ ਟਿਕਟ ਕੱਟਣ ਦੀ ਥਾਂ ਸਿਆਸੀ ਪਾਰਟੀਆਂ ਦੂਜੀਆਂ ਪਾਰਟੀਆਂ 'ਚ ਵੀ ਅਜਿਹਾ ਹੋਣ ਦੀ ਦੁਹਾਈ ਦਿੰਦੀਆਂ ਹਨ। ਦੇਖਣਾ ਇਹ ਹੈ ਕਿ ਸਿਆਸੀ ਪਾਰਟੀਆਂ ਅਪਰਾਧਕ ਕਿਸਮ ਦੇ ਕਿੰਨੇ ਉਮੀਦਵਾਰਾਂ ਨੂੰ ਚੋਣ ਮੈਦਾਨ ਵਿੱਚ ਉਤਾਰਦੀਆਂ ਹਨ। ਅਸਲੀ ਇਮਤਿਹਾਨ ਸਿਆਸੀ ਪਾਰਟੀਆਂ ਦਾ ਹੋਵੇਗਾ।

ਹਾਲੇ ਤੱਕ ਸਾਰੀਆਂ ਪ੍ਰਮੁੱਖ ਖੇਤਰੀ ਅਤੇ ਕੌਮੀ ਪਾਰਟੀਆਂ ਚੋਣਾਂ ਜਿੱਤਣ ਦੇ ਉਦੇਸ਼ ਨਾਲ ਮੈਦਾਨ ਵਿੱਚ ਆਉਂਦੀਆਂ ਰਹੀਆਂ ਹਨ, ਇਸ ਦੇ ਲਈ ਚਾਹੇ ਕਿੰਨੇ ਵੀ ਮਾਫੀਆ ਅਤੇ ਅਪਰਾਧੀਆਂ ਨੂੰ ਟਿਕਟ ਕਿਉਂ ਨਾ ਦੇਣੀ ਪਵੇ। ਇਸ ਵਾਰੀ ਵੋਟਰਾਂ ਸਾਹਮਣੇ ਉਮੀਦਵਾਰਾਂ ਦੇ ਸਾਫ-ਸੁਥਰੇ ਅਕਸ ਤੋਂ ਇਲਾਵਾ ਇਹ ਸਵਾਲ ਹੋਵੇਗਾ ਕਿ ਵਿਧਾਨ ਸਭਾ ਹਲਕੇ ਵਿੱਚ ਕਿਸ ਨੇ ਕਿੰਨਾ ਵਿਕਾਸ ਕਰਵਾਇਆ ਹੈ। ਜੇ ਵਿਕਾਸ ਤੇ ਉਮੀਦਵਾਰਾਂ ਦੀ ਜਾਣਕਾਰੀ ਸਹਿਜ ਹੋਵੇ ਤਾਂ ਇਸ ਨਾਲ ਵੋਟਰਾਂ 'ਤੇ ਚੰਗਾ ਅਸਰ ਪਵੇਗਾ, ਸਿਆਸੀ ਪਾਰਟੀਆਂ ਦੇ ਅਕਸ ਸੂਬਾਈ, ਕੌਮੀ ਮੁੱਦਿਆਂ ਦਾ ਨੰਬਰ ਇਸ ਤੋਂ ਬਾਅਦ ਆਵੇਗਾ।

ਦੇਸ਼ ਵਿੱਚ ਸਿਆਸੀ ਪਾਰਟੀਆਂ ਤੋਂ ਇਲਾਵਾ ਅਜਿਹੇ ਆਜ਼ਾਦ ਉਮੀਦਵਾਰ ਵੀ ਹਨ, ਜਿਨ੍ਹਾਂ ਨੇ ਪਾਰਟੀ ਦੇ ਸਫਾਏ ਤੋਂ ਬਾਅਦ ਵੀ ਚੋਣ ਜਿੱਤ ਦਾ ਝੰਡਾ ਗੱਡੀ ਰੱਖਿਆ, ਪਾਰਟੀਆਂ ਦੀ ਟਿਕਟ 'ਤੇ ਅਤੇ ਆਜ਼ਾਦ ਤੌਰ 'ਤੇ ਕਈ ਵਾਰ ਜਿੱਤ ਜਿੱਤੀ ਹੈ। ਇਸ ਤੋਂ ਜ਼ਾਹਰ ਹੈ ਕਿ ਵੋਟਰਾਂ ਨੂੰ ਹੋਰ ਮੁੱਦਿਆਂ ਨਾਲ ਬਹੁਤਾ ਸਰੋਕਾਰ ਨਹੀਂ, ਜੇ ਮੁੱਦੇ ਬਹੁਤ ਸੰਵੇਦਨਸ਼ੀਲ ਨਾ ਹੋਣ। ਵੋਟਰਾਂ ਸਾਹ-ਮਣੇ ਚੁਣੌਤੀ ਸਿਰਫ ਅਪਰਾਧਕ ਅਕਸ ਵਾਲੇ ਉਮੀਦਵਾਰਾਂ ਦੀ ਨਹੀਂ, ਅਜਿਹੇ ਉਮੀਦਵਾਰਾਂ ਦੀ ਵੀ ਹੈ, ਜਿਹੜੇ ਚੋਣ ਜਿੱਤਣ ਲਈ ਜਾਤ, ਧਰਮ, ਫਿਰਕੇ, ਖੇਤਰ ਅਤੇ ਪਰਵਾਰਵਾਦ ਦਾ ਸਹਾਰਾ ਲੈਂਦੇ ਹਨ।

ਇਸ ਦੇ ਨਾਲ ਹੀ ਧਨ ਬਲ ਤੇ ਬਾਹੂ ਬਲ ਨੂੰ ਵੀ ਵੋਟਰਾਂ ਨੂੰ ਸ਼ੀਸ਼ਾ ਦਿਖਾਉਣਾ ਪੈਣਾ ਹੈ। ਸਭ ਨੂੰ ਪਤਾ ਹੈ ਕਿ ਚੋਣ ਕਮਿਸ਼ਨ ਵੱਲੋਂ ਚੋਣ ਖਰਚ ਦੀ ਹੱਦ ਤੈਅ ਕਰਨ ਨਾਲੋਂ ਕਈ ਗੁਣਾ ਜ਼ਿਆਦਾ ਪੈਸਾ ਚੋਣਾਂ ਵਿੱਚ ਖਰਚ ਕੀਤਾ ਜਾਂਦਾ ਹੈ ਤੇ ਚੋਣ ਕਮਿਸ਼ਨ ਹਾਲੇ ਤੱਕ ਇਸ ਮਾਮਲੇ ਵਿੱਚ ਕੁਝ ਨਹੀਂ ਕਰ ਸਕਿਆ। ਵੋਟਰਾਂ ਚੋਰੀ-ਛੁਪੇ ਕਈ ਤਰ੍ਹਾਂ ਦੇ ਲਾਲਚ ਦਿੱਤੇ ਜਾਂਦੇ ਹਨ, ਖਾਸ ਕਰ ਕੇ ਗਰੀਬ ਤਬਕੇ ਦੇ ਵੋਟਰਾਂ ਦਾ ਅਜਿਹੇ ਲਾਲਚਾਂ ਤੋਂ ਬਚਣਾ ਸੌਖਾ ਨਹੀਂ। ਇਸ ਦੋਸ਼ ਚੋਣ ਕਮਿਸ਼ਨ ਦੀ ਪਕੜ ਵਿੱਚ ਵੀ ਆਸਾਨੀ ਨਾਲ ਨਹੀਂ ਆਉਂਦੇ। ਅਜਿਹਾ ਵੀ ਨਹੀਂ ਹੈ ਕਿ ਵੋਟਰ ਸਿਰਫ ਲਾਲਚਾਂ ਅਤੇ ਪ੍ਰਭਾਵਤ ਕਰਨ ਵਾਲੇ ਮੁੱਦਿਾਂ ਦੇ ਆਧਾਰ 'ਤੇ ਵੋਟਾਂ ਦਿੰਦੇ ਰਹੇ ਹਨ। ਜੇ ਅਜਿਹਾ ਹੁੰਦਾ ਤਾਂ ਰਾਜਾਂ ਤੇ ਕੇਂਦਰ 'ਚ ਸਰਕਾਰਾਂ ਨਾ ਬਦਲਦੀਆਂ। ਇਸ ਤੋਂ ਜ਼ਾਹਰ ਹੈ ਕਿ ਵੋਟਰਾਂ ਨੇ ਆਪਣੀ ਪਾਰਖੂ ਨਜ਼ਰ ਨਾਲ ਫੈਸਲੇ ਦਿੱਤੇ ਹਨ ਤੇ ਹੁਣ ਇਹੋ ਪਰਖ ਇਨ੍ਹਾਂ ਵਿਧਾਨ ਸਭਾ ਚੋਣਾਂ 'ਚ ਹੋਣੀ ਹੈ। ਸਿਆਸੀ ਪਾਰਟੀਆਂ ਤੇ ਉਨ੍ਹਾਂ ਦੇ ਉਮੀਦਵਾਰ ਅੱਖਾਂ ਵਿੱਚ ਘੱਟਾ ਨਾ ਪਾ ਸਕਣ, ਇਸੇ ਦਾ ਪੁਖਤਾ ਪ੍ਰਬੰਧ ਵੋਟਰਾਂ ਨੂੰ ਕਰਨਾ ਪੈਣਾ ਹੈ ਤਾਂ ਕਿ ਅਗਲੀਆਂ ਲੋਕ ਸਭਾ ਚੋਣਾਂ ਵਿੱਚ ਕੋਈ ਵੀ ਸਿਆਸੀ ਪਾਰਟੀ ਵੋਟਰਾਂ ਨੂੰ 'ਘਰ ਦੀ ਮੁਰਗੀ ਦਾਲ ਬਰਾਬਰ' ਸਮਝਣ ਦੀ ਭੁੱਲ ਨਾ ਕਰ ਸਕੇ।



## ਗਾਂਧੀ ਦਾ ਸੁਪਨਾ ਅਤੇ ਰਾਜ ਧਰਮ ਦੀ ਪਾਲਣਾ

-ਅਸ਼ਵਨੀ ਕੁਮਾਰ

ਹਰ ਸਾਲ ਵਾਂਗ ਦੋ ਅਕਤੂਬਰ ਨੂੰ ਸਮੁੱਚਾ ਮੁਲਕ ਮੋਹਨ ਦਾਸ ਕਰਮ ਚੰਦ ਗਾਂਧੀ (ਮਹਾਤਮਾ ਗਾਂਧੀ) ਨੂੰ ਉਨ੍ਹਾਂ ਦੀ 150ਵੀਂ ਜਯੰਤੀ 'ਤੇ ਸ਼ਰਧਾਂਜਲੀ ਭੇਟ ਕਰਦਾ ਪਿਆ ਸੀ ਅਤੇ ਉਨ੍ਹਾਂ ਦੇ ਸੰਘਰਸ਼ਮਈ ਤੇ ਨਿਆਂ ਨੂੰ ਸਮਰਪਿਤ ਜੀਵਨ ਤੋਂ ਪ੍ਰੇਰਨਾ ਲੈ ਰਿਹਾ ਸੀ। ਇਸ ਮੌਕੇ ਦੇਸ਼ ਦੇ ਮੌਜੂਦਾ ਹਾਲਾਤ ਨੂੰ ਦੇਖਦਿਆਂ ਆਪਣੇ ਅੰਦਰ ਝਾਤੀ ਮਾਰ ਕੇ ਸਾਨੂੰ ਇਹ ਸੋਚਣਾ ਪਵੇਗਾ ਕਿ ਕੀ ਬਾਪੂ ਦੇ ਉਸ ਰਾਮ ਰਾਜ ਦੀ ਕਲਪਨਾ ਜਿਸ ਦੀ ਨੀਂਹ ਸਮਾਜਿਕ ਨਿਆਂ, ਸਦਭਾਵਨਾ ਤੇ ਬਰਾਬਰੀ ਦੀ ਬੁਨਿਆਦ 'ਤੇ ਰੱਖੀ ਗਈ ਸੀ, ਨੂੰ ਅਸੀਂ ਸਾਕਾਰ ਕਰ ਸਕੇ ਹਾਂ? ਕੀ ਆਜ਼ਾਦ ਭਾਰਤ ਵਿੱਚ ਅਸੀ ਮੁਲਕ ਵਾਸੀਆਂ ਦੇ ਮੂਲ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਕਰ ਸਕੇ ਹਾਂ ਅਤੇ ਕੀ ਮਹਿਰੂਮ ਤੇ ਪਿੱਛੜੇ ਵਰਗਾਂ ਨੂੰ ਬਣਦਾ ਆਰਥਿਕ ਤੇ ਸਮਾਜਿਕ ਨਿਆਂ ਦਿਵਾ ਸਕੇ ਹਾਂ? ਇਹ ਪ੍ਰਸ਼ਨ ਸਮੇਂ-ਸਮੇਂ ਉਠਦੇ ਰਹੇ ਹਨ, ਪਰ ਕਈ ਪੱਧਰਾਂ 'ਤੇ ਪੇਸ਼ਕਦਮੀ ਦੇ ਬਾਵਜੂਦ ਅਸੀਂ ਬਾਪੂ ਦੀ ਕਲਪਨਾ ਦੇ ਇਸ ਨਿਆਂਸੰਗਤ ਸਮਾਜ ਅਤੇ ਸ਼ਾਸਨ ਦੇ ਖਿਆਲ ਨੂੰ ਪਰਿਭਾਸ਼ਤ ਨਹੀਂ ਕਰ ਸਕੇ।

ਆਜ਼ਾਦੀ ਤੋਂ ਬਾਅਦ ਭਾਰਤ ਦੀਆਂ ਬਹੁਤ ਸਾਰੀਆਂ ਪ੍ਰਾਪਤੀਆਂ ਨੂੰ ਦੁਨੀਆ ਨੇ ਵੀ ਸਵੀਕਾਰ ਕੀਤਾ ਹੈ। 1947 ਤੱਕ ਗੁਲਾਮ ਰਿਹਾ ਮੁਲਕ ਆਪਣੇ ਬਲਬੂਤੇ ਸੰਸਾਰ ਦੀ ਮਹਾਨ ਸ਼ਕਤੀ ਅਤੇ ਵਿਸ਼ਾਲ ਲੋਕਰਾਜ ਦੇ ਰੂਪ ਵਿੱਚ ਉਭਰਿਆ ਹੈ, ਪਰ ਮੁਲਕ ਦੇ ਵਰਤਮਾਨ ਹਾਲਾਤ ਬਾਪੂ ਦੇ ਸੁਪਨਿਆਂ ਤੋਂ ਬਹੁਤ ਪਰੇ ਹਨ ਅਤੇ ਸਾਨੂੰ ਸ਼ਰਮਸ਼ਾਰ ਕਰਦੇ ਹਨ। ਚਾਰੇ ਪਾਸੇ ਖੌਫ ਹੈ। ਨਾਗਰਿਕ ਸੁਰੱਖਿਆ ਦੀ ਕਮੀ ਹੈ। ਫਿਰਕੂ ਤਾਕਤਾਂ ਦਾ ਉਭਾਰ, ਹੁੱਲੜਬਾਜ਼ੀ, ਮਨੁੱਖੀ ਅਧਿਕਾਰਾਂ ਦਾ ਘਾਣ, ਬੁੱਧੀਜੀਵੀਆਂ ਦੀ ਸੰਘੀ ਘੁੱਟਣਾ, ਧਾਰਮਿਕ ਬੇਵਿਸਾਹੀ, ਜਾਤੀਵਾਦੀ ਹਿੰਸਾ, ਧਾਰਮਿਕ ਆਸਥਾਵਾਂ ਦਾ ਖਿਆਲ ਨਾ ਰੱਖਣਾ, ਵਧਦੀ ਨਾ-ਬਰਾਬਰੀ, ਦਲਿਤਾਂ, ਪੱਛੜਿਆਂ ਤੇ



ਗਰੀਬਾਂ ਦਾ ਸ਼ੋਸ਼ਣ, ਔਰਤਾਂ ਨਾਲ ਜਬਰ ਜਨਾਹ, ਬੱਚਿਆਂ ਦਾ ਸ਼ੋਸ਼ਣ, ਬਜ਼ੁਰਗਾਂ ਦਾ ਨਿਰਾਦਰ, ਗਰੀਬੀ ਦੇ ਬੋਝ ਥੱਲੇ ਕਿਸਾਨਾਂ ਦੀਆਂ ਖੁਦਕੁਸ਼ੀਆਂ, ਸਰਕਾਰਾਂ ਦਾ ਦਾਮਨਕਾਰੀ ਰੁਝਾਨ, ਸੰਵਿਧਾਨਕ ਸਿਧਾਂਤਾਂ ਦੀ ਹੇਠੀ ਅਤੇ ਲਗਾਤਾਰ ਪੈਰ ਪਸਾਰਦਾ ਹੋਇਆ ਭ੍ਰਿਸ਼ਟਾਚਾਰ ਕਿਸੇ ਸੱਭਿਅਕ ਸਮਾਜ ਅਤੇ ਮੁਲਕ ਦਾ ਦਰਸ਼ਨ ਤਾਂ ਨਹੀਂ ਹੋ ਸਕਦੇ।

ਗਾਂਧੀ ਜੀ ਦੀ ਜਯੰਤੀ ਸੰਸਾਰ ਅਹਿੰਸਾ ਦਿਵਸ ਦੇ ਤੌਰ 'ਤੇ ਮਨਾਈ ਜਾਂਦੀ ਹੈ, ਪਰ ਆਪਣੇ ਹੀ ਮੁਲਕ ਵਿੱਚ ਹਿੰਸਾ ਦੀਆਂ ਘਟਨਾਵਾਂ ਅਤੇ ਰੁਝਾਨ ਤੇਜ਼ੀ ਨਾਲ ਵਧ ਰਿਹਾ ਹੈ। ਇਥੋਂ ਤੱਕ ਕਿ ਹਿਰਾਸਤ ਵਿੱਚ ਬੰਦੀਆਂ 'ਤੇ ਢਾਹੇ ਜਾ ਰਹੇ ਤਸ਼ੱਦਦ ਰਾਹੀਂ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਦੀ ਜੋ ਉਲੰਘਣਾ ਨਿੱਤ ਦਿਨ ਹੋ ਰਹੀ ਹੈ, ਉਸ ਉਤੇ ਰੋਕ ਲਾਉਣ ਜਾਂ ਠੱਲ੍ਹ ਪਾਉਣ ਲਈ ਕੋਈ ਅਸਰਦਾਰ ਕਾਨੂੰਨ ਨਹੀਂ ਹੈ। ਬਜ਼ੁਰਗਾਂ ਨੂੰ ਉਨ੍ਹਾਂ ਦੇ ਸਕੇ ਸੋਧਰੇ ਹੀ ਬਿਰਧ ਆਸ਼ਰਮਾਂ ਵਿੱਚ ਧੱਕ ਦੇਣ, ਉਹ ਮੁਲਕ ਗਾਂਧੀ ਦੇ ਸੁਪਨਿਆਂ ਦਾ ਮੁਲਕ ਤਾਂ ਨਹੀਂ ਹੋ ਸਕਦਾ। ਕੀ ਗਾਂਧੀ ਨੇ ਕਦੇ ਖੁਆਬ ਵਿੱਚ ਸੋਚਿਆ ਹੋਵੇਗਾ ਕਿ ਜਿਹੜੇ ਮੁਲਕ ਦੇ ਆਜ਼ਾਦੀ ਦੇ ਅੰਦੋਲਨ ਅਤੇ ਸਮਾਜਿਕ ਨਿਆਂ ਦੇ ਆਦਰਸ਼ਾਂ ਨੂੰ ਬੁੱਧੀਜੀਵੀਆਂ ਤੇ ਮਹਾਕਵੀਆਂ ਨੇ ਪ੍ਰੇਰਿਤ ਕੀਤਾ ਹੈ, ਉਸ ਮੁਲਕ ਵਿੱਚ ਉਨ੍ਹਾਂ ਨੂੰ ਨਾਇਨਸਾਫੀ ਦੇ ਖਿਲਾਫ ਵਿਚਾਰਧਾਰਕ ਸੰਘਰਸ਼ ਲਈ ਦੇਸ਼ ਧ੍ਰੋਹੀ ਕਰਾਰ ਦਿੱਤਾ ਜਾਵੇਗਾ? ਕੀ ਬਾਪੂ ਦੇ ਸੁਪਨਿਆਂ ਦੇ ਆਜ਼ਾਦ ਭਾਰਤ ਵਿੱਚ ਸੱਤਾ ਵਿਰੋਧੀਆਂ ਨੂੰ ਕੈਦ ਕੱਟਣੀ ਪਵੇਗੀ? ਇਹ ਸਵਾਲ ਸੁਭਾਵਿਕ ਵੀ ਹੈ ਅਤੇ ਜ਼ਰੂਰੀ ਵੀ।

ਇਹ ਪ੍ਰਤੱਖ ਹੈ ਕਿ ਦਮਨਕਾਰੀ ਸ਼ਾਸਕ ਆਪਣੀਆਂ ਕਮਜ਼ੋਰੀਆਂ ਅਤੇ ਦਮਨ ਦੀ ਪਰਦਾਪੋਸ਼ੀ ਖਾਤਰ ਮੁਲਕ ਦੀ ਸੁਰੱਖਿਆ ਤੇ ਅਮਨ ਕਾਨੂੰਨ ਦੀ ਦੁਹਾਈ ਦਿੰਦੇ ਰਹਿੰਦੇ ਹਨ, ਜਿਵੇਂ ਪਿਛਲੇ ਦਿਨੀਂ ਸਮਾਜਿਕ ਅਨਿਆਂ ਖਿਲਾਫ ਆਵਾਜ਼ ਉਠਾਉਣ ਵਾਲੇ ਬੁੱਧੀਜੀਵੀਆਂ ਨੂੰ ਕੈਦ ਕਰਨ ਸਮੇਂ ਵਾਪਰਿਆ। ਕਿਸੇ ਨੇ ਠੀਕ ਹੀ ਕਿਹਾ, 'ਨਾਮ ਸੇ ਕਾਨੂੰਨ ਹੋਤੇ ਹੈਂ ਕਯਾ ਸਿਤਮ, ਜ਼ੇਰ-ਏ-ਨਕਾਬ ਦੇਖੀਏ ਕਬ ਤੱਕ ਰਹੇ।'

ਆਉਣ ਵਾਲੀਆਂ ਚੋਣਾਂ ਖੌਫ, ਆਜ਼ਾਦੀ ਅਤੇ ਆਤਮ ਸਨਮਾਨ ਦਰਮਿਆਨ ਸੰਘਰਸ਼ ਦਾ ਐਲਾਨ ਹੈ ਜਿਸ ਵਿੱਚ ਆਤਮ ਸਨਮਾਨ ਅਤੇ ਆਜ਼ਾਦੀ ਨਾਲ ਜੁੜੇ ਮੁਲਕ ਦੇ ਅਹਿਸਾਸ ਦੀ ਜਿੱਤ ਯਕੀਨੀ ਬਣਾਉਣੀ ਪਵੇਗੀ। ਸਾਰੀਆਂ ਰਾਜਸੀ ਪਾਰਟੀਆਂ ਦੇ ਆਗੂਆਂ ਨੂੰ ਇਕਜੁੱਟ ਹੋ ਕੇ ਮਹਿਜ਼ ਸੱਤਾ ਪ੍ਰਾਪਤੀ ਲਈ ਨਹੀਂ ਸਗੋਂ ਗਾਂਧੀ ਜੀ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੇ ਮਕਸਦ ਲਈ ਸੰਘਰਸ਼ ਵਿੱਚ ਉਤਰਨਾ ਪਵੇਗਾ। ਅਨਿਆਂ ਦੇ ਖਿਲਾਫ ਸ਼ਾਂਤੀ ਪੂਰਨ ਸੰਘਰਸ਼ ਅਤੇ ਸੰਵਿਧਾਨਕ ਕਦਰਾਂ ਕੀਮਤਾਂ ਅਤੇ ਮਨੁੱਖੀ ਅਧਿਕਾਰਾਂ 'ਤੇ ਟਿਕੀ ਲੋਕਰਾਜੀ ਵਿਵਸਥਾ ਨੂੰ ਮਜ਼ਬੂਤ ਕਰਨਾ ਹੀ ਮਹਾਤਮਾ ਗਾਂਧੀ ਨੂੰ ਉਨ੍ਹਾਂ ਦੀ 150ਵੀਂ ਜਯੰਤੀ ਮੌਕੇ ਸੱਚੀਂ ਸ਼ਰਧਾਂਜਲੀ ਹੋਵੇਗੀ।













## ਬਾਦਲ ਉੱਤੇ ਜੁੱਤੀ ਸੁੱਟਣ ਵਾਲੇ ਨੂੰ ਦੋ ਸਾਲ ਕੈਦ ਦੀ ਸਜ਼ਾ

ਬਠਿੰਡਾ, 11 ਅਕਤੂਬਰ (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਰੋਸ ਵਜੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਉੱਤੇ ਜੁੱਤੀ ਸੁੱਟਣ ਵਾਲੇ ਸਿੱਖ ਕਾਰਕੁਨ ਗੁਰਬਚਨ ਸਿੰਘ ਨੂੰ ਅਦਾਲਤ ਨੇ ਦੋ ਸਾਲ ਸਜ਼ਾ ਸੁਣਾਈ ਹੈ। ਅਸੈਂਬਲੀ ਚੋਣਾਂ 2017 ਦੇ ਚੋਣ ਪ੍ਰਚਾਰ ਮੌਕੇ ਪ੍ਰਕਾਸ਼ ਸਿੰਘ ਬਾਦਲ ਜਦੋਂ ਹਲਕਾ ਲੰਬੀ ਦੇ ਪਿੰਡ ਰੱਤਾ ਖੇੜਾ ਵਿੱਚ ਜਲਸਾ ਕਰ ਰਹੇ ਸਨ ਤਾਂ ਉਦੋਂ ਗੁਰਬਚਨ ਸਿੰਘ ਨੇ ਬੇਅਦਬੀ ਦੇ ਰੋਸ ਵਜੋਂ ਬਾਦਲ ਵੱਲ ਜੁੱਤੀ ਮਾਰੀ ਸੀ।

ਵਰਨਣ ਯੋਗ ਹੈ ਕਿ ਉਸ ਘਟਨਾ ਦੇ ਬਾਅਦ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਚੋਣ ਪ੍ਰਚਾਰ ਖਤਮ ਕਰਕੇ ਘਰ ਮੁੜ ਗਏ ਸਨ। ਇਸ ਘਟਨਾ ਵਿੱਚ ਬਾਦਲ ਦੀ ਐਨਕ ਵੀ ਨੁਕਸਾਨੀ ਗਈ ਸੀ। ਮੁਕਤਸਰ ਪੁਲਸ ਦੇ ਥਾਣਾ ਕਬਰਵਾਲਾ ਵਿੱਚ ਪੁਲਸ ਨੇ ਗੁਰਬਚਨ ਸਿੰਘ ਦੇ ਖਿਲਾਫ ਕੇਸ ਦਰਜ ਕੀਤਾ ਸੀ। ਪੁਲਸ ਨੇ ਫੌਰੀ ਗੁਰਬਚਨ ਸਿੰਘ ਨੂੰ ਕਾਬੂ ਕਰ ਲਿਆ ਸੀ। ਗੁਰਬਚਨ ਸਿੰਘ ਸਰਬੱਤ ਖਾਲਸਾ ਵਾਲੇ ਜਥੇਦਾਰ ਅਮਰੀਕ ਸਿੰਘ ਅਜਨਾਲਾ ਦਾ ਭਰਾ ਹੈ ਤੇ ਖੇਤੀ ਕਰਦਾ ਹੈ। ਇਸ ਕੇਸ ਵਿੱਚ ਥਾਣਾ ਕਬਰਵਾਲਾ ਦੇ ਥਾਣਾ ਮੁਖੀ ਇੰਸਪੈਕਟਰ ਕੁਲਦੀਪ ਚੰਦ ਨੇ ਗਵਾਹੀ ਦਿੱਤੀ ਸੀ।

# ਹੌਜ਼ਰੀ ਦੀ ਫੈਕਟਰੀ ਵਿੱਚ ਅੱਗ ਲੱਗੀ, ਚਾਰ ਜਣਿਆਂ ਦੀ ਮੌਤ

ਲੁਧਿਆਣਾ, 11 ਅਕਤੂਬਰ (ਪੋਸਟ ਬਿਊਰੋ)- ਹੌਜ਼ਰੀ ਦੇ ਗੜ੍ਹ ਮੰਨੇ ਜਾਣ ਵਾਲੇ ਬਾਜਵਾ ਨਗਰ ਕਲਿਆਣ ਨਗਰ ਗਲੀ ਨੰਬਰ ਇੱਕ ਵਿੱਚ ਕੱਲ੍ਹ ਸਵੇਰੇ ਅੱਗ ਲੱਗਣ ਨਾਲ ਹੌਜ਼ਰੀ ਦੀ ਇੱਕ ਫੈਕਟਰੀ ਕਾਲੜਾ ਨਿਟਵੀਅਰ 'ਚ ਕੰਮ ਕਰਦੇ ਚਾਰ ਕਾਰੀਗਰਾਂ ਦੀ ਮੌਤ ਹੋ ਗਈ। ਮਰਨ ਤੋਂ ਪਹਿਲਾਂ ਕਾਰੀਗਰਾਂ ਨੇ ਕਾਫੀ ਚੀਕ-ਚਿਹਾੜਾ ਪਾਇਆ, ਪਰ ਮਦਦ ਪੁੱਜਣ ਤੋਂ ਪਹਿਲਾਂ ਕੰਮ ਕਰ ਰਹੇ ਚਾਰੇ ਕਾਰੀਗਰਾਂ ਨੇ ਦਮ ਤੋੜ ਦਿੱਤਾ ਕਿਉਂਕਿ ਬਾਹਰ ਨਿਕਲਣ ਦੇ ਸਾਰੇ ਰਸਤਿਆਂ 'ਤੇ ਤਾਲੇ ਲੱਗੇ ਹੋਏ ਸਨ। ਹਾਦਸਾ ਸਵੇਰੇ 3.45 ਵਜੇ ਵਾਪਰਿਆ। 4.45 ਵਜੇ ਕਾਰੀਗਰਾਂ ਨੇ ਦਮ ਤੋੜ ਦਿੱਤਾ। ਅੱਗ ਲੱਗਣ ਦਾ ਕਾਰਨ ਸ਼ਾਰਟ ਸਰਕਟ ਦੱਸਿਆ ਜਾ ਰਿਹਾ ਹੈ।

ਇਸ ਬਾਰੇ ਸੂਚਨਾ ਮਿਲਣ ਤੋਂ ਬਾਅਦ ਪੁਲਸ ਕਮਿਸ਼ਨਰ ਸੁਖਚੈਨ ਗਿੱਲ, ਡੀ ਸੀ ਪ੍ਰਦੀਪ ਅਗਰਵਾਲ, ਏ ਡੀ ਸੀ ਪੀ ਗੁਰਪ੍ਰੀਤ ਸਿੰਘ ਸਿਕੰਦ, ਏ ਸੀ ਪੀ ਵਰਿਆਮ ਸਿੰਘ ਮੌਕੇ 'ਤੇ ਪੁੱਜੇ। ਫਾਇਰ ਬ੍ਰਿਗੇਡ ਦੀਆਂ ਤਿੰਨ ਗੱਡੀਆਂ ਨੇ ਚਾਲੀ ਮਿੰਟ 'ਚ ਅੱਗ 'ਤੇ ਕਾਬੂ ਪਾਇਆ ਅਤੇ ਕਰਮਚਾਰੀਆਂ ਨੇ ਪਹਿਲੀ ਮੰਜ਼ਿਲ ਦਾ ਸ਼ਟਰ ਤੋੜ ਕੇ ਲਾਸ਼ਾਂ ਨੂੰ ਬਾਹਰ ਕੱਢਿਆ ਤੇ ਸਿਵਲ ਹਸਪਤਾਲ ਪਹੁੰਚਾਇਆ। ਮ੍ਰਿਤਕਾਂ ਦੀ ਪਛਾਣ ਧਨੰਜੈ ਪਾਂਡੇ, ਸੱਤਿਆ ਪ੍ਰਕਾਸ਼, ਮੁਹੰਦਮ ਐਜ਼ਾਜ਼ ਅਤੇ ਮੁਹੰਮਦ ਰਬਾਨ ਵਜੋਂ ਹੋਈ ਹੈ, ਜੋ ਮੂਲ ਰੂਪ ਵਿੱਚ ਯੂ ਪੀ ਅਤੇ ਬਿਹਾਰ ਦੇ ਰਹਿਣ ਵਾਲੇ ਸਨ। ਸਾਰੇ ਕਾਜ-ਬਟਨ ਦਾ ਕੰਮ ਕਰਦੇ ਸਨ। ਜਦ ਕਿ ਸੱਤਿਆ ਪ੍ਰਕਾਸ਼ ਪ੍ਰੈਸਮੈਨ ਸੀ। ਹਾਦਸੇ ਪਿੱਛੋਂ ਪ੍ਰਵਾਸੀ ਮਜ਼ਦੂਰਾਂ 'ਚ ਫੈਕਟਰੀ ਮਾਲਕ ਖਿਲਾਫ ਰੋਸ ਦੇਖਣ ਨੂੰ ਮਿਲਿਆ। ਫੈਕਟਰੀ ਮਾਲਕ ਨੇ ਫੈਕਟਰੀ ਕੰਪਲੈਕਸ ਦੀ ਛੱਤ ਸਮੇਤ ਸਾਰੇ ਬਾਹਰ ਨਿਕਲਣ ਵਾਲੇ ਰਸਤਿਆਂ 'ਤੇ ਤਾਲੇ ਲਾ ਦਿੱਤੇ ਸਨ, ਘਟਨਾ ਸਮੇਂ ਬਾਹਰ ਨਾ ਨਿਕਲ ਸਕਣ ਕਾਰਨ ਕਾਰੀਗਰਾਂ ਦੀ ਮੌਤ ਹੋਈ ਹੈ। ਪੁਲਸ ਕਮਿਸ਼ਨਰ ਸੁਖਚੈਨ ਗਿੱਲ ਨੇ ਕਿਹਾ ਕਿ ਫੈਕਟਰੀ ਮਾਲਕ ਸੁਮਿਤ ਕਾਲੜਾ ਉਤੇ ਧਾਰਾ 304 ਦਾ ਕੇਸ ਦਰਜ ਕਰ ਲਿਆ ਗਿਆ ਹੈ। ਡਵੀਜ਼ਨ ਨੰਬਰ ਚਾਰ ਦੀ ਪੁਲਸ ਨੇ ਫੈਕਟਰੀ ਮਾਲਕ ਨੂੰ ਗ੍ਰਿਫਤਾਰ ਕਰ ਲਿਆ ਹੈ।


ਫੈਕਟਰੀ ਵਿਚ ਲੱਗੀ ਅੱਗ ਤੋਂ ਬਾਅਦ ਦਾ ਦ੍ਰਿਸ਼।


ਘਟਨਾ ਸਥਾਨ ਉਤੇ ਇਕੱਠੇ ਹੋਏ ਲੋਕ।

# ਚੰਡੀਗੜ੍ਹ 'ਚ ਸਿੱਖ ਔਰਤਾਂ ਨੂੰ ਹੈਲਮੈਟ ਤੋਂ ਛੋਟ ਦਾ ਨੋਟੀਫਿਕੇਸ਼ਨ ਜਾਰੀ

ਚੰਡੀਗੜ੍ਹ, 11 ਅਕਤੂਬਰ (ਪੋਸਟ ਬਿਊਰੋ)- ਇਸ ਸ਼ਹਿਰ ਵਿਚਲੀਆਂ ਸਿੱਖ ਔਰਤਾਂ ਲਈ ਗ੍ਰਹਿ ਮੰਤਰਾਲੇ ਨੇ ਇਕ ਨੋਟੀਫਿਕੇਸ਼ਨ ਜਾਰੀ ਕਰ ਕੇ ਚੰਡੀਗੜ੍ਹ 'ਚ ਸਿੱਖ ਔਰਤਾਂ ਨੂੰ ਦੋਪਹੀਆ ਵਾਹਨ ਚਲਾਉਂਦੇ ਸਮੇਂ ਹੈਲਮੈੱਟ ਤੋਂ ਛੋਟ ਦੇ ਦਿੱਤੀ ਹੈ। ਅੱਗੇ ਤੋਂ ਉਨ੍ਹਾਂ ਦਾ ਹੈਲਮੈੱਟ ਨਾ ਪਾਉਣ 'ਤੇ ਚਲਾਨ ਨਹੀਂ ਕੱਟਿਆ ਜਾਵੇਗਾ। ਇਸ ਦੇ ਨਾਲ ਹੀ ਗ੍ਰਹਿ ਮੰਤਰਾਲੇ ਨੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਇਸ ਨੋਟੀਫਿਕੇਸ਼ਨ ਨੂੰ ਅਮਲ 'ਚ ਲਿਆਉਣ ਦੇ ਨਿਰਦੇਸ਼ ਦਿੱਤੇ ਹਨ।



ਵਰਣਨ ਯੋਗ ਹੈ ਕਿ ਅਕਾਲੀ ਦਲ ਦੇ ਇਕ ਉੱਚ ਪੱਧਰੀ ਵਫਦ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ 'ਚ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਕਰ ਕੇ ਸਿੱਖ ਔਰਤਾਂ ਨੂੰ ਹੈਲਮੈੱਟ ਤੋਂ ਛੋਟ ਦੀ ਮੰਗ ਰੱਖੀ ਸੀ, ਜਿਸ ਤੋਂ ਬਾਅਦ ਗ੍ਰਹਿ ਮੰਤਰਾਲੇ ਨੇ ਇਹ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਵਰਨਣ ਯੋਗ ਹੈ ਕਿ ਚੰਡੀਗੜ੍ਹ ਵੱਡੀ ਗਿਣਤੀ 'ਚ ਸਿੱਖ ਭਾਈਚਾਰਾ ਵੱਸਦਾ ਹੈ।

ਇਸ ਤੋਂ ਇਲਾਵਾ ਅਕਾਲੀ ਵਫਦ ਨੇ ਜੇਲਾਂ 'ਚ ਬੰਦ ਸਿੱਖਾਂ ਦੀ ਰਿਹਾਈ ਦੀ ਮੰਗ ਕੀਤੀ ਤੇ ਸ਼ਿਲਾਂਗ ਦਾ ਮਾਮਲਾ ਵੀ ਚੁੱਕਿਆ ਤੇ ਪੰਥ ਅਤੇ ਚੰਡੀਗੜ੍ਹ ਨਾਲ ਜੁੜੇ ਮੁੱਦਿਆਂ 'ਤੇ ਕੇਂਦਰੀ ਗ੍ਰਹਿ ਮੰਤਰੀ ਨਾਲ ਗੱਲਬਾਤ ਕੀਤੀ। ਪ੍ਰਕਾਸ਼ ਸਿੰਘ ਬਾਦਲ ਦੇ ਮੁਤਾਬਕ ਕੇਂਦਰੀ ਗ੍ਰਹਿ ਮੰਤਰੀ ਨੇ ਸਭ ਮਾਮਲਿਆਂ ਦੇ ਜਲਦੀ ਹੱਲ ਦਾ ਭਰੋਸਾ ਦਿੱਤਾ।

## ਜਿਊਲਰ ਨੇ ਕਰੋੜ, ਰਬੜ ਇੰਡਸਟਰੀ ਨੇ ਦੋ ਕਰੋੜ ਸਰੰਡਰ ਕੀਤੇ

ਜਲੰਧਰ, 11 ਅਕਤੂਬਰ (ਪੋਸਟ ਬਿਊਰੋ)- ਇਨਕਮ ਟੈਕਸ ਵਿਭਾਗ ਦੀਆਂ ਟੀਮਾਂ ਨੇ ਕੱਲ੍ਹ ਸ਼ਹਿਰ ਦੇ ਵੱਡੇ ਜਿਊਲਰਜ਼ ਤੇ ਇੱਕ ਰਬੜ ਇੰਡਸਟਰੀ 'ਤੇ ਸਰਵੇ ਕੀਤਾ, ਜਿਸ ਦੌਰਾਨ ਵਿਭਾਗ ਦੀਆਂ ਟੀਮਾਂ ਨੇ ਕਲਕੱਤਾ ਜਿਊਲਰਜ਼ ਅਤੇ ਜਲੰਧਰ ਜਿਊਲਰਜ਼, ਰਾਕੇਸ਼ ਜਿਊਲਰਜ਼ ਅਤੇ ਸਿਲਮੋੜ ਜਿਊਲਰਜ਼ ਅਤੇ ਵੀ. ਜੁਲਕਾ ਰਬੜ ਇੰਡਸਟਰੀ ਦੇ ਕੰਪਲੈਕਸ ਵਿੱਚ ਦਸਤਾਵੇਜ਼ ਅਤੇ ਕੰਪਿਊਟਰ ਆਦਿ ਦੀ ਜਾਂਚ ਕੀਤੀ ਗਈ।

ਇਸ ਕਾਰਵਾਈ ਦੌਰਾਨ ਵਿਭਾਗ ਨੂੰ ਉਦੋਂ ਵੱਡੀ ਸਫਲਤਾ ਮਿਲੀ, ਜਦੋਂ ਰਬੜ ਇੰਡਸਟਰੀ ਵੱਲੋਂ ਦੋ ਕਰੋੜ ਅਤੇ ਕਲਕੱਤਾ ਜਿਊਲਰਜ਼ ਤੇ ਜਲੰਧਰ ਜਿਊਲਰਜ਼ ਦੇ ਮਾਲਕ ਅਸ਼ਵਨੀ ਚੱਢਾ ਨੇ ਇੱਕ ਕਰੋੜ ਦੀ ਰਾਸ਼ੀ ਸਰੰਡਰ ਕਰ ਦਿੱਤੀ। ਵਿਭਾਗ ਨੂੰ ਇਸ ਉੱਤੇ ਕਰੀਬ



ਇੱਕ ਕਰੋੜ ਹੋਰ ਟੈਕਸ ਪ੍ਰਾਪਤ ਹੋਵੇਗਾ। ਇਨਕਮ ਟੈਕਸ ਵਿਭਾਗ ਵੱਲੋਂ ਕਲਾਂ ਬਾਜ਼ਾਰ ਦੇ ਰਾਕੇਸ਼ ਜਿਊਲਰਜ਼ ਅਤੇ ਸੀਲਮੋੜ ਜਿਊਲਰਜ਼ ਦੇ ਕੋਲ ਬੀਤੀ ਰਾਤ ਤਿੰਨ ਵਜੇ ਤੋਂ ਬਾਅਦ ਜਾਂਚ ਕੀਤੀ ਗਈ, ਪਰ ਇਸ ਵਿੱਚ ਕੁਝ ਸਾਹਮਣੇ ਨਹੀਂ ਆਇਆ। ਵਿਭਾਗੀ ਸੂਤਰਾਂ ਮੁਤਾਬਕ ਰਾਕੇਸ਼ ਤੇ ਸੀਲਮੋੜ ਜਿਊਲਰਜ਼ ਦੇ ਕਾਗਜ਼ਾਤ ਪੂਰੇ ਸਨ ਅਤੇ ਉਨ੍ਹਾਂ ਦੇ ਅਕਾਊਂਟਸ ਵਿੱਚ ਕੋਈ ਫੇਰਬਦਲ ਨਹੀਂ ਕੀਤਾ ਗਿਆ। ਦੂਜੇ ਪਾਸੇ ਚਰਚਾ ਹੈ ਕਿ ਕਿਸੇ ਨੇ ਸ਼ਰਾਰਤ ਕਰ ਕੇ ਇਨਕਮ ਟੈਕਸ ਵੱਲੋਂ ਛਾਪੇ ਮਰਵਾਏ ਹਨ।

## ਕੈਦੀ ਦੇ ਭੱਜਣ ਪਿੱਛੋਂ ਹਵਾਲਦਾਰ ਨੇ ਕੀਤੀ ਖੁਦਕੁਸ਼ੀ

ਹੁਸ਼ਿਆਰਪੁਰ, 11 ਅਕਤੂਬਰ (ਪੋਸਟ ਬਿਊਰੋ)- ਸਥਾਨਕ ਸਿਵਲ ਹਸਪਤਾਲ ਵਿੱਚ ਕੱਲ੍ਹ ਸ਼ਾਮ ਉਥੇ ਹੀ ਡਿਊਟੀ ਵਾਲੇ ਹੈੱਡ ਕਾਂਸਟੇਬਲ ਹਰੀਸ਼ ਨੇ ਆਪਣੀ ਸਰਵਿਸ ਗਨ 'ਚੋਂ ਖੁਦ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਪਤਾ ਲੱਗਾ ਹੈ ਕਿ ਹੈੱਡ ਕਾਂਸਟੇਬਲ ਹਰੀਸ਼ ਸਿੰਘ ਕੱਲ੍ਹ ਰਾਤ ਸਿਵਲ ਹਸਪਤਾਲ ਦੀ ਬੈਰਕ ਵਿੱਚੋਂ ਹਵਾਲਾਤੀ ਦੇ ਭੱਜਣ ਕਾਰਨ ਤਣਾਅ ਵਿੱਚ ਸੀ ਅਤੇ ਵਿਭਾਗ ਨੇ ਉਸ 'ਤੇ ਕਾਰਵਾਈ ਦੇ ਹੁਕਮ ਦਿੱਤੇ ਸਨ। ਸਿਵਲ ਹਸਪਤਾਲ ਵਿੱਚ ਲੋਕਾਂ ਨੇ ਦੱਸਿਆ ਕਿ ਸ਼ਾਮ ਛੇ ਵਜੇ ਹਰੀਸ਼ ਸਿਵਲ ਹਸਪਤਾਲ ਵਿੱਚ ਬਣੇ ਬੈਰਕ ਰੂਮ ਵਿੱਚ ਗਿਆ ਅਤੇ ਆਪਣੀ ਸਰਵਿਸ ਗਨ 'ਚੋਂ ਖੁਦ ਨੂੰ ਗੋਲੀ ਮਾਰ ਲਈ।

## ਸੁਰੇਸ਼ ਕੁਮਾਰ ਕੇਸ ਵਿਚ ਪੰਜਾਬ ਸਰਕਾਰ ਦੇ ਵਕੀਲ ਚਿਦੰਬਰਮ ਨੇ ਨਿਯੁਕਤੀ ਠੀਕ ਸਾਬਤ ਕਰਨ ਲਈ ਦਲੀਲਾਂ ਦਿੱਤੀਆਂ

ਚੰਡੀਗੜ੍ਹ, 11 ਅਕਤੂਬਰ (ਪੋਸਟ ਬਿਊਰੋ)- ਪੰਜਾਬ ਦੇ ਸੀਨੀਅਰ ਸਾਬਕਾ ਆਈ ਏ ਐਸ ਅਧਿਕਾਰੀ ਸੁਰੇਸ਼ ਕੁਮਾਰ ਦੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਸਕੱਤਰ ਵਜੋਂ ਨਿਯੁਕਤੀ ਨੂੰ ਚੁਣੌਤੀ ਦੇ ਕੇਸ 'ਚ ਕੱਲ੍ਹ ਸੁਣਵਾਈ ਹੋਈ ਤਾਂ ਸੀਨੀਅਰ ਐਡਵੋਕੇਟ ਪੀ. ਚਿਦੰਬਰਮ ਨੇ ਚੀਫ ਜਸਟਿਸ ਕ੍ਰਿਸ਼ਨਾ ਮੁਰਾਰੀ ਅਤੇ ਜਸਟਿਸ ਅਰੁਣ ਪੱਲੀ ਦੇ ਡਵੀਜ਼ਨ ਬੈਂਚ ਕੋਲ ਪੇਸ਼ ਹੋ ਕੇ ਸੁਰੇਸ਼ ਕੁਮਾਰ ਦੀ ਨਿਯੁਕਤੀ ਦੇ ਹੱਕ ਵਿੱਚ ਕਈ ਨਿੱਗਰ ਦਲੀਲਾਂ ਦਿੱਤੀਆਂ।



ਚਿਦੰਬਰਮ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਲਗਭਗ ਅਜਿਹੀ ਨਿਯੁਕਤੀ ਕੀਤੀ ਹੈ। ਉਸ ਨਾਲ ਚਿਦੰਬਰਮ ਨੇ ਸੁਰੇਸ਼ ਕੁਮਾਰ ਦੀ ਨਿਯੁਕਤੀ ਨੂੰ ਵੀ ਜਾਇਜ਼ ਆਖਿਆ ਤੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਅਹੁਦਾ ਸੰਭਾਲਦੇ ਸਾਰੇ ਉੱਤਰ ਪ੍ਰਦੇਸ਼ ਕਾਡਰ ਦੇ 1967 ਬੈਚ ਦੇ ਸੇਵਾਮੁਕਤ ਆਈ ਏ ਐੱਸ ਅਧਿਕਾਰੀ ਨ੍ਰਿਪਇੰਦਰਾ ਮਿਸ਼ਰਾ ਦੀ ਆਪਣੇ ਮੁੱਖ ਸਕੱਤਰ ਵਜੋਂ ਨਿਯੁਕਤੀ ਕੀਤੀ ਸੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਆਪਣੀ ਪਸੰਦ ਦੇ ਅਫਸਰ ਦੀ ਨਿਯੁਕਤੀ ਕਰਨ ਦਾ ਅਧਿਕਾਰ ਰੱਖਦਾ ਹੈ ਅਤੇ ਇਹ ਵੀ ਕਿ ਸੁਰੇਸ਼ ਕੁਮਾਰ ਨੂੰ ਦਿੱਤਾ ਗਿਆ ਅਹੁਦਾ ਨਾਨ-ਕਾਡਰ ਪੋਸਟ ਹੈ। ਚਿਦੰਬਰਮ ਨੇ ਪਟੀਸ਼ਨਰ ਦਾ ਇਸ ਪੋਸਟ ਨਾਲ ਸੰਬੰਧ ਹੋਣ ਜਾਂ ਨਾ ਹੋਣ, ਇਸ ਦੇ ਸਰਵਿਸ ਮੈਟਰ ਜਾਂ ਜਨਹਿਤ ਪਟੀਸ਼ਨ ਮਾਮਲਾ ਹੋਣ ਜਾਂ ਨਾ ਹੋਣ ਬਾਰੇ ਵੀ ਦਲੀਲਾਂ ਪੇਸ਼ ਕਰ ਕੇ ਨਿਯੁਕਤੀ ਜਾਇਜ਼ ਕਰਾਰ ਦੇਣ ਦੀ ਕੋਸ਼ਿਸ਼ ਕੀਤੀ।

ਵਰਨਣ ਯੋਗ ਹੈ ਕਿ ਬੀਤੀ 14 ਫਰਵਰੀ ਨੂੰ ਪੰਜਾਬ ਸਰਕਾਰ ਖਾਸ ਕਰ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਉਨ੍ਹਾਂ ਦੇ ਚੀਫ ਪ੍ਰਿੰਸੀਪਲ ਸੈਕਟਰੀ ਸੁਰੇਸ਼ ਕੁਮਾਰ ਨੂੰ ਹਾਈ ਕੋਰਟ ਤੋਂ ਵੱਡੀ ਰਾਹਤ ਮਿਲੀ ਸੀ ਜਿਸ ਨਾਲ ਹਾਈ ਕੋਰਟ ਨੇ ਸੁਰੇਸ਼ ਕੁਮਾਰ ਦੀ ਇਸ ਅਹੁਦੇ ਉਤੇ ਉਦੋਂ ਕਰੀਬ ਪੌਣਾ ਸਾਲ ਪਹਿਲਾਂ ਕੀਤੀ ਗਈ ਨਿਯੁਕਤੀ ਨੂੰ ਰੱਦ ਕਰਨ ਦੇ ਹਾਈ ਕੋਰਟ ਦੇ ਸਿੰਗਲ ਬੈਂਚ ਦੇ ਹੁਕਮ 'ਤੇ ਰੋਕ ਲਾ ਦਿੱਤੀ ਸੀ। ਕੈਪਟਨ ਅਮਰਿੰਦਰ ਸਿੰਘ ਕਿਸੇ ਵੀ ਕੀਮਤ ਉਤੇ ਸੁਰੇਸ਼ ਕੁਮਾਰ ਨੂੰ ਆਪਣੀ ਟੀਮ ਵਿੱਚ ਰੱਖਣਾ ਚਾਹੁੰਦੇ ਸਨ। ਸਾਬਕਾ ਕੇਂਦਰੀ ਮੰਤਰੀ ਪੀ. ਚਿਦੰਬਰਮ ਨੇ ਸੁਰੇਸ਼ ਕੁਮਾਰ ਦੀ ਨਿਯੁਕਤੀ ਰੱਦ ਕਰਨ ਦੇ ਫੈਸਲੇ ਉਤੇ ਸਵਾਲ ਚੁੱਕਦਿਆਂ ਇਹ ਕਿਹਾ ਸੀ ਕਿ ਸਿੰਗਲ ਬੈਂਚ ਇਸ ਬਾਰੇ ਹੀ ਨਹੀਂ ਕਰ ਸਕਦਾ ਸੀ, ਕਿਉਂਕਿ ਇਸ ਨਾਲ ਪਟੀਸ਼ਨਰ (ਸੁਰੇਸ਼ ਕੁਮਾਰ ਦੀ ਨਿਯੁਕਤੀ ਨੂੰ ਚੁਣੌਤੀ ਦੇਣ ਵਾਲਾ) ਦਾ ਕੋਈ ਸਿੱਧਾ ਹਿੱਤ ਨਹੀਂ ਸੀ ਜੁੜਿਆ ਹੋਇਆ, ਨਾ ਉਹ ਇਸ ਅਹੁਦੇ ਲਈ ਬਿਨੈਕਾਰ ਸੀ।

## ਟਰੱਕ ਵੱਲੋਂ ਸਕੂਟਰੀ ਨੂੰ ਟੱਕਰ ਨਾਲ ਬੱਚੀ ਦੀ ਮੌਤ

ਭਿੱਖੀਵਿੰਡ, 11 ਅਕਤੂਬਰ (ਪੋਸਟ ਬਿਊਰੋ)- ਕਸਬਾ ਭਿੱਖੀਵਿੰਡ ਵਿਖੇ ਕੱਲ੍ਹ ਦੁਪਹਿਰ ਸਕੂਟਰੀ ਉੱਤੇ ਸਵਾਰ ਮਾਂ ਧੀ ਨੂੰ ਟਰੱਕ ਨੇ ਟੱਕਰ ਮਾਰ ਦਿੱਤੀ। ਇਸ ਹਾਦਸੇ 'ਚ ਸੱਤ ਸਾਲ ਦੀ ਬੱਚੀ ਦੀ ਮੌਤ ਹੋ ਗਈ।

ਮਿਲੀ ਜਾਣਕਾਰੀ ਅਨੁਸਾਰ ਹਰਵਿੰਦਰ ਕੌਰ ਪਿੰਡ ਬੈਂਕਾਂ ਆਪਣੀ ਸੱਤ ਸਾਲਾ ਬੱਚੀ ਮਨਿੰਦਰ ਕੌਰ, ਜੋ ਭਿੱਖੀਵਿੰਡ ਦੇ ਸੈਕਰਡ ਹਾਰਟ ਕਾਨਵੈਂਟ ਸਕੂਲ 'ਚ ਪਹਿਲੀ ਜਮਾਤ ਦੀ ਵਿਦਿਆਰਥਣ ਸੀ, ਨੂੰ ਲੈ ਕੇ ਸਕੂਲ ਵਿੱਚ ਮਨਾਏ ਗਏ ਪਿਕਨਿਕ ਡੇ ਸਮਾਗਮ 'ਚ ਸ਼ਾਮਲ ਹੋਈ ਸੀ। ਸਮਾਗਮ ਉਪਰੰਤ ਜਦੋਂ ਉਹ ਆਪਣੀ ਸਕੂਟਰੀ ਉੱਤੇ ਪਿੰਡ ਜਾਣ ਲਈ ਭਿੱਖੀਵਿੰਡ ਦੇ ਮੁੱਖ ਚੌਕ 'ਤੇ ਅੰਮ੍ਰਿਤਸਰ ਮਾਰਗ 'ਤੇ ਗਈ ਤਾਂ ਪਿੱਛੋਂ ਆ ਰਹੇ ਟਰੱਕ ਨੇ ਸਕੂਟਰੀ ਨੂੰ ਟੱਕਰ ਮਾਰ ਦਿੱਤੀ। ਇਸ ਹਾਦਸੇ ਦੌਰਾਨ ਹਰਵਿੰਦਰ ਕੌਰ ਤੇ ਮਨਿੰਦਰ ਕੌਰ ਸੜਕ 'ਤੇ ਜਾ ਡਿੱਗੀਆਂ। ਗੰਭੀਰ ਜ਼ਖਮੀ ਹੋਈ ਮਨਿੰਦਰ ਕੌਰ ਨੂੰ ਭਿੱਖੀਵਿੰਡ ਦੇ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿਥੇ ਉਸ ਨੇ ਦਮ ਤੋੜ ਦਿੱਤਾ। ਘਟਨਾ ਦਾ ਪਤਾ ਚੱਲਦਿਆਂ ਹੀ ਮੌਕੇ 'ਤੇ ਥਾਣਾ ਭਿੱਖੀਵਿੰਡ ਦੇ ਏ ਐਸ ਆਈ ਪੰਨਾ ਲਾਲ ਨੇ ਦੱਸਿਆ ਕਿ ਟਰੱਕ ਚਾਲਕ ਕਾਰਜ ਸਿੰਘ ਵਾਸੀ ਸਾਰੰਗੜਾ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ।

# ਚਰਿੱਤਰ ਉੱਤੇ ਸ਼ੱਕ ਕਾਰਨ ਪਤਨੀ ਦਾ ਕਤਲ

ਪਟਿਆਲਾ, 11 ਅਕਤੂਬਰ (ਪੋਸਟ ਬਿਊਰੋ)- ਭਾਦਸੋਂ ਰੋਡ 'ਤੇ ਪਿੰਡ ਲੰਗ ਵਿੱਚ ਪਤੀ ਨੇ ਪਤਨੀ ਨੂੰ ਚਰਿੱਤਰ 'ਤੇ ਸ਼ੱਕ ਦੇ ਕਾਰਨ ਕੱਲ੍ਹ ਤੜਕੇ ਕੁਹਾੜੀ ਨਾਲ ਸਿਰ 'ਤੇ ਵਾਰ ਕਰ ਕੇ ਮਾਰ ਦਿੱਤਾ। ਦੋਸ਼ੀ ਕਤਲ ਕਰਨ ਦੇ ਬਾਅਦ ਲਾਸ਼ ਦੇ ਨੇੜੇ ਹੀ ਬੈਠਾ ਰਿਹਾ। ਪੁਲਸ ਨੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਮ੍ਰਿਤਕਾ ਪੰਜ ਬੱਚਿਆਂ ਦੀ ਮਾਂ ਸੀ। ਉਸ ਦੀਆਂ ਚਾਰ ਬੇਟੀਆਂ ਤੇ ਇੱਕ ਬੇਟਾ ਹੈ। ਮਨਪ੍ਰੀਤ ਕੌਰ ਦੇ ਤਾਏ ਅਮਰ ਸਿੰਘ ਨੇ ਦੱਸਿਆ ਕਿ ਦੋਸ਼ੀ ਜਵਾਈ ਲਖਵਿੰਦਰ ਸਿੰਘ ਉਸ ਦੀ ਭਤੀਜੀ ਦੇ ਚਰਿੱਤਰ ਉਤੇ ਸ਼ੱਕ ਕਰਦਾ ਸੀ। ਉਹ ਉਸ ਦੀਆਂ ਚਾਰ ਧੀਆਂ ਨੂੰ ਆਪਣੀਆਂ ਨਹੀਂ ਮੰਨਦਾ ਸੀ। ਇਸ ਬਾਰੇ ਉਹ ਕਈ ਵਾਰ ਕੁੱਟਮਾਰ ਵੀ ਕਰ ਚੁੱਕਾ ਸੀ। 10 ਵਿੱਚ 10 ਵਾਰ ਪਰਵਾਰਕ ਤੌਰ 'ਤੇ ਝਗੜੇ ਨੂੰ ਹਲ ਕਰਵਾ ਕੇ ਬੇਟੀ ਨੂੰ ਪੇਕਿਉਂ ਸਹੁਰੇ ਭੇਜਿਆ, ਪਰ ਦੋਸ਼ੀ ਦੀਆਂ ਹਰਕਤਾਂ ਨਹੀਂ ਸੁਧਰੀਆਂ। ਉਨ੍ਹਾਂ ਨੇ ਦੱਸਿਆ ਕਿ ਕੱਲ੍ਹ ਤੜਕੇ ਉਨ੍ਹਾਂ ਨੂੰ ਰੁੜਕੀ ਪਿੰਡ ਤੋਂ ਕਿਸੇ ਰਿਸ਼ਤੇਦਾਰ ਨੇ ਫੋਨ 'ਤੇ ਦੱਸਿਆ ਕਿ ਇਹ ਕਹਿਰ ਹੋ ਗਿਆ ਹੈ। ਇਸ ਦੇ ਬਾਅਦ ਉਹ ਮੌਕੇ 'ਤੇ ਪਹੁੰਚੇ ਤਾਂ ਦੇਖਿਆ ਕਿ ਭਤੀਜੀ ਦੀ ਲਾਸ਼ ਕਮਰੇ ਵਿੱਚ ਖੂਨ ਨਾਲ ਲਥਪਥ ਪਈ ਸੀ ਅਤੇ ਜਵਾਈ ਉਥੇ ਹੀ ਬੈਠਾ ਸੀ।

ਮੰਨ ਪਸੰਦ ਦੀ Kitchen and Washroom ਬਣਵਾਓ

Pearson
Kitchen & Cabinet

Free Estimate
We Specialize in granite, quartz & marble countertops





We Specialize In:
100% Satisfaction On Time
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ
Call Vikramjit Sangha: 416-200-0931
Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)

Condo Townhouse for sale.




ਸਾਫ ਸੁਥਰਾ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਟਾਊਨ ਹਾਊਸ

A Fantastic 2 Story Town House On A Peaceful Ravine Lot, All Brick, Double Door, 3 Bedrooms, 3 Washrooms. Shining Pot Lights, Kitchen With Granite C-Tops And Backsplash, Very Low Monthly Maintenance Fee For Snow & Garbage Removal, Located In a High Demand Area, Next To Walmart, Schools, Bus Stops, Grocery, Gas Station & All Amenities



KAMAL SANDHU
Sales Representative
647.891.0143
905.488.2100 ext. 407
www.arearealtor.com
realtorkamalsandhu@gmail.com

Century 21 President Realty Inc. Brokerage*
Looking For a Nest..? Call the Best

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

JEYA
LOOKING FOR LONG/SHORT HAULS
Hiring Team Drivers & Single drivers
DEDICATED A/Z DRIVERS FOR USA/LOCAL CANADA
- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ
- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018

ALSO HIRING OWNER OPERATORS




202-2386 Haines Rd., Mississauga ON.
Sakshi: 647-534-5770 | Riki: 647-963-7131
Office: 905-564-8851
Email: ramesh@jeyatransport.com/sakshi@jeyatransport.com

# ਦਿੱਲੀ ਸਰਕਾਰ ਦੇ ਮੰਤਰੀ ਦੇ 16 ਅੱਡਿਆਂ ਉਤੇ ਇਨਕਮ ਟੈਕਸ ਵਿਭਾਗ ਦੇ ਛਾਪੇ



ਨਵੀਂ ਦਿੱਲੀ, 11 ਅਕਤੂਬਰ (ਪੋਸਟ ਬਿਊਰੋ)- ਇਨਕਮ ਟੈਕਸ ਵਿਭਾਗ ਨੇ ਕੱਲ੍ਹ ਦਿੱਲੀ ਸਰਕਾਰ ਦੇ ਮੰਤਰੀ ਕੈਲਾਸ਼ ਗਹਿਲੋਤ ਦੇ 16 ਟਿਕਾਣਿਆਂ 'ਤੇ ਛਾਪੇ ਮਾਰੇ। ਵਿਭਾਗ ਅਧਿਕਾਰੀਆਂ ਨੇ ਦੱਸਿਆ ਕਿ ਕੈਲਾਸ਼ ਨਾਲ ਜੁੜੀਆਂ ਕੁਝ ਫਰਮਾਂ ਵਿਰੁੱਧ ਟੈਕਸ ਚੋਰੀ ਦੀ ਜਾਂਚ ਲਈ ਛਾਪੇ ਮਾਰੇ ਗਏ। ਗਹਿਲੋਤ ਦੇ ਗੁਰੂਗਰਾਮ ਦੇ ਕਈ ਟਿਕਾਣਿਆਂ 'ਤੇ ਵੀ ਤਲਾਸ਼ੀਆਂ ਲਈਆਂ ਗਈਆਂ ਹਨ। ਇਸ ਦਾ ਸੰਬੰਧ ਰਾਜਨੀਤੀ ਨਾਲ ਜੋੜਿਆ ਜਾ ਰਿਹਾ ਹੈ।

ਬ੍ਰਿਸਕ ਇਨਫਰਾਸਟ੍ਰਕਚਰ ਐਂਡ ਡਿਵੈਲਪਰਜ਼ ਲਿਮਟਿਡ ਤੇ ਕਾਰਪੋਰੇਟ ਇੰਟਰਨੈਸ਼ਨਲ ਫਾਈਨਾਂਸ਼ਲ ਸਰਵਿਸਿਜ਼ ਲਿਮਟਿਡ ਵਿਖੇ ਵੀ ਛਾਪੇ ਮਾਰੇ ਗਏ। ਕੈਲਾਸ਼ ਗਹਿਲੋਤ ਦਿੱਲੀ ਸਰਕਾਰ 'ਚ ਟਰਾਂਸਪੋਰਟ ਮੰਤਰੀ ਹਨ, ਉਹ ਨਜ਼ਫਗੜ੍ਹ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਹਨ। ਇਨ੍ਹਾਂ ਛਾਪਿਆਂ 'ਤੇ ਟਿੱਪਣੀ ਕਰਦਿਆਂ ਆਮ ਆਦਮੀ ਪਾਰਟੀ ਦੇ ਟਵਿੱਟਰ ਹੈਂਡਲ ਤੋਂ ਟਵੀਟ ਕਰ ਕੇ ਲਿਖਿਆ ਗਿਆ ਹੈ, 'ਅਸੀਂ ਲੋਕਾਂ ਨੂੰ ਸਸਤੀ ਬਿਜਲੀ ਦੇ ਰਹੇ ਹਾਂ, ਮੁਫਤ ਪਾਣੀ ਦੇ ਰਹੇ ਹਾਂ, ਚੰਗੀ ਸਿਖਿਆ ਤੇ ਸਿਹਤ ਦੇ ਰਹੇ ਹਾਂ। ਸਰਕਾਰੀ ਸੇਵਾਵਾਂ ਘਰ-ਘਰ ਪਹੁੰਚਾ ਰਹੇ ਹਾਂ। 'ਉਹ' ਸੀ ਬੀ ਆਈ ਤੇ ਈ ਡੀ ਰਾਹੀਂ ਸਾਡੇ ਮੰਤਰੀਆਂ ਤੇ ਆਗੂਆਂ ਦੇ ਟਿਕਾਣਿਆਂ 'ਤੇ ਛਾਪੇ ਪੁਆ ਰਹੇ ਹਨ।"

# ਦਿੱਲੀ ਗੁਰਦੁਆਰਾ ਕਮੇਟੀ ਦੇ ਘਪਲਿਆਂ ਉੱਤੇ ਸਿਆਸਤ ਭਖੀ

ਨਵੀਂ ਦਿੱਲੀ, 11 ਅਕਤੂਬਰ (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਹੋ ਰਹੀਆਂ ਆਰਥਿਕ ਗੜਬੜਾਂ ਬਾਰੇ ਸਿਆਸਤ ਭਖ ਗਈ ਹੈ। ਵਿਰੋਧੀ ਧਿਰ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਨੇ ਲਗਾਤਾਰ ਤੀਸਰੇ ਦਿਨ ਇਸ ਮਸਲੇ ਨੂੰ ਤੂਲ ਦੇ ਦਿੱਤਾ। ਨਾਲ ਹੀ ਇਸ ਨੂੰ ਲੈ ਕੇ ਦਿੱਲੀ ਸਰਕਾਰ ਦਾ ਦਰਵਾਜ਼ਾ ਖੜਕਾਇਆ ਹੈ।

ਸ਼੍ਰੋਮਣੀ ਅਕਾਲੀ ਦਲ (ਦਿੱਲੀ) ਨੇ ਦਿੱਲੀ ਦੇ ਲੈਫਟੀਨੈਂਟ ਗਵਰਨਰ ਅਨਿਲ ਬੈਜਲ ਨੂੰ ਇੱਕ ਚਿੱਠੀ ਭੇਜ ਕੇ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਦੀ ਮੈਂਬਰੀ ਖਤਮ ਕਰਨ ਦੀ ਮੰਗ ਕੀਤੀ ਹੈ। ਦੂਜੇ ਪਾਸੇ ਵਿਰੋਧੀ ਪਾਰਟੀ ਦੇ ਦੋਸ਼ਾਂ ਦਾ ਸਟੀਕ ਰਸਤਾ ਕੱਢਣ ਅਤੇ ਸੰਗਤ ਵਿੱਚ ਸਹੀ ਮੈਸੇਜ ਦੇਣ ਬਾਰੇ ਦਿੱਲੀ ਕਮੇਟੀ ਦੇ ਅਹੁਦੇਦਾਰ ਜੁਟ ਗਏ ਹਨ। ਕੱਲ੍ਹ ਕਮੇਟੀ ਮੁੱਖ ਦਫਤਰ ਰਕਾਬਗੰਜ ਸਾਹਿਬ ਵਿੱਚ ਕਈ ਘੰਟੇ ਇਸ ਬਾਰੇ ਨਿਪਟਣ ਲਈ ਬੈਠਕਾਂ ਹੁੰਦੀਆਂ ਰਹੀਆਂ, ਪਰ ਦੇਰ ਸ਼ਾਮ ਤੱਕ ਕੋਈ ਸਫਲਤਾ ਨਹੀਂ ਮਿਲੀ।

ਇਨੈਲੋ ਨੇਤਾ ਦੀ ਹੱਤਿਆ ਮਾਮਲਾ:

# ਹਨੇਰੇ ਵਿੱਚ ਮਹਿਲਾ ਦੇ ਪਤੀ ਤੇ ਭਰਾ ਨੇ ਲਾਸ਼ ਸੜਕ 'ਤੇ ਸੁੱਟੀ

ਰੋਹਤਕ, 11 ਅਕਤੂਬਰ (ਪੋਸਟ ਬਿਊਰੋ)- ਸਮਾਲਖਾ ਦੇ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਪਾਰਟੀ ਦੇ ਨੇਤਾ ਦੇ ਮਾਲ ਉੱਤੇ ਸਕਿਓਰਿਟੀ ਸੁਪਰਵਾਈਜ਼ਰ ਤੈਨਾਤ ਦੀਪਕ ਦੀ ਹੱਤਿਆ ਦੀ ਗੁੱਥੀ ਸੁਲਝ ਗਈ ਹੈ। ਉਸ ਦੀ ਹੱਤਿਆ ਉਸ ਦੇ ਦੋਸਤ ਨੇ ਨਹੀਂ, ਉਸ ਦੀ ਪ੍ਰੇਮਿਕਾ ਨੇ ਕੀਤੀ ਸੀ। ਪੁਲਸ ਜਾਂਚ ਤੋਂ ਖੁਲਾਸਾ ਹੋਇਆ ਕਿ ਦੀਪਕ ਦੀ ਇੱਕ ਸਾਲ ਪਹਿਲਾਂ ਰੋਹਤਕ ਦੇ ਸੂਰਜਨਗਰ ਦੀ ਜਮਨਾ ਦੇ ਨਾਲ ਫੇਸਬੁਕ 'ਤੇ ਦੋਸਤੀ ਹੋਈ ਸੀ। ਜਮਨਾ ਦਾ ਪਤੀ ਸੁਰੇਸ਼ ਕੁਮਾਰ ਸੀ ਆਰ ਪੀ ਐਫ ਵਿੱਚ ਜੰਮੂ ਵਿੱਚ ਡੀ ਐੱਸ ਪੀ ਹੈ। 29 ਸਤੰਬਰ ਨੂੰ ਦੀਪਕ ਜਮਨਾ ਨੂੰ ਮਿਲਣ ਲਈ ਸੂਰਜਨਗਰ ਕਲੋਨੀ ਪਹੁੰਚਿਆ ਸੀ। ਰਾਤ ਨੂੰ ਉਥੇ ਹੀ ਰੁਕਿਆ ਅਤੇ 30 ਸਤੰਬਰ ਸਵੇਰੇ ਕਰੀਬ ਸਾਢੇ ਛੇ ਵਜੇ ਜਮਨਾ ਦਾ ਪਤੀ ਘਰ ਆ ਗਿਆ। ਦੋਵਾਂ ਨੂੰ ਇਕੱਠੇ ਦੇਖ ਕੇ ਡੀ ਐੱਸ ਪੀ ਨੇ ਦੋਵਾਂ ਨੂੰ ਇੱਕ ਕਮਰੇ ਵਿੱਚ ਬੰਦ ਕਰ ਕੇ ਜਮਨਾ ਦੇ ਪੇਕਿਆਂ ਨੂੰ ਸੂਚਨਾ ਦੇ ਦਿੱਤੀ। ਦੋਸ਼ ਹੈ ਕਿ ਇਸੇ ਦੌਰਾਨ ਜਮਨਾ ਨੇ ਦੀਪਕ ਨੂੰ ਜਬਰਦਸਤੀ ਜ਼ਹਿਰ ਪਿਲਾ ਦਿੱਤਾ, ਜਿਸ ਕਾਰਨ ਦੀਪਕ ਦੀ ਮੌਤ ਹੋ ਗਈ। ਤੀਹ ਸਤੰਬਰ ਦੀ ਰਾਤ ਕਰੀਬ 10 ਵਜੇ ਮਹਿਲਾ ਦਾ ਪਤੀ ਅਤੇ ਭਰਾ ਸਕੂਟੀ ਉੱਤੇ ਦੀਪਕ ਦੀ ਲਾਸ਼ ਨੂੰ ਲੈ ਕੇ ਜੀਂਦ ਰੋਡ 'ਤੇ ਸੁੱਟ ਗਏ।

ਥਾਣਾ ਸਿਟੀ ਪੁਲਸ ਨੇ ਇਸ ਕੇਸ ਵਿੱਚ ਜਮਨਾ ਨੂੰ ਗ੍ਰਿਫਤਾਰ ਕਰ ਲਿਆ ਹੈ। ਉਸ ਦੇ ਪਤੀ ਸੁਰੇਸ਼ ਅਤੇ ਵਸੰਤ ਵਿਹਾਰ ਕਲੋਨੀ ਵਾਸੀ ਭਰਾ ਗੌਰਵ 'ਤੇ ਲਾਸ਼ ਨੂੰ ਖੁਰਦ ਬੁਰਦ ਕਰਨ ਦਾ ਕੇਸ ਦਰਜ ਕਰ ਲਿਆ ਹੈ। ਦੋਵੇਂ ਫਰਾਰ ਹਨ। ਪੁਲਸ ਨੇ ਦੱਸਿਆ ਕਿ ਦੀਪਕ ਦੇ ਕਤਲ ਦਾ ਖੁਲਾਸਾ ਕਾਲ ਡਿਟੇਲ ਤੋਂ ਹੋਇਆ। ਪੁਲਸ ਨੇ ਜਦ ਦੀਪਕ ਦੇ ਫੋਨ ਦੀ ਕਾਲ ਡਿਟੇਲ ਤੇ ਲੋਕੇਸ਼ਨ ਚੈੱਕ ਕੀਤੀ ਤਾਂ ਸੂਰਜਨਗਰ ਦੀ ਮਿਲੀ। ਪੁਲਸ ਨੇ ਜਮਨਾ ਦੇ ਘਰ ਜਾ ਕੇ ਗੰਭੀਰਤਾ ਨਾਲ ਪੁੱਛਗਿੱਛ ਕੀਤੀ ਤਾਂ ਪੂਰੇ ਮਾਮਲੇ ਦਾ ਖੁਲਾਸਾ ਹੋਇਆ। ਮਹਿਲਾ ਨੇ ਦੀਪਕ ਦੇ ਨਾਲ ਉਸ ਦੇ ਸੰਬੰਧਾਂ ਦੀ ਕਹਾਣੀ ਪੁਲਸ ਨੂੰ ਦੱਸੀ। ਇੱਕ ਹਫਤੇ ਤੋਂ ਮਹਿਲਾ ਦੀਪਕ ਨਾਲ ਫੋਨ ਅਤੇ ਵਟਸਐਪ 'ਤੇ ਗੱਲ ਕਰਨ ਲੱਗੀ ਸੀ।

# ਰਿਜ਼ਰਵੇਸ਼ਨ ਤੋਂ ਨਾਰਾਜ਼ ਵਿਅਕਤੀ ਨੇ ਨਿਤੀਸ਼ ਕੁਮਾਰ ਉੱਤੇ ਚੱਪਲ ਸੁੱਟੀ



ਪਟਨਾ, 11 ਅਕਤੂਬਰ (ਪੋਸਟ ਬਿਊਰੋ)- ਜਨਤਾ ਦਲ ਯੂ ਦੇ ਵਿਦਿਆਰਥੀ ਸਮਾਗਮ ਵਿੱਚ ਹਿੱਸਾ ਲੈਣ ਬਾਪੂ ਸੈਮੀਨਾਰ ਹਾਲ ਵਿੱਚ ਪੁੱਜੇ ਮੁੱਖ ਮੰਤਰੀ ਨਿਤੀਸ਼ ਕੁਮਾਰ 'ਤੇ ਅੱਜ ਇਕ ਵਿਅਕਤੀ ਨੇ ਚੱਪਲ ਸੁੱਟ ਦਿੱਤੀ। ਇਸ ਘਟਨਾ ਨਾਲ ਮੁੱਖ ਮੰਤਰੀ ਦੀ ਸੁਰੱਖਿਆ ਵਿੱਚ ਲਾਪਰਵਾਹੀ ਦੇਖਣ ਨੂੰ ਮਿਲੀ ਹੈ।

ਚੰਦਨ ਤਿਵਾਰੀ ਨਾਂ ਦੇ ਲੜਕੇ ਨੇ ਪ੍ਰੋਗਰਾਮ ਦਾ ਉਦਘਾਟਨ ਹੋਣ ਪਿੱਛੋਂ ਮੰਚ 'ਤੇ ਬੈਠੇ ਮੁੱਖ ਮੰਤਰੀ ਵੱਲ ਚੱਪਲ ਸੁੱਟੀ। ਇਸ ਦੇ ਨਾਲ ਉਸ ਨੇ ਰਿਜ਼ਰਵੇਸ਼ਨ ਦਾ ਵਿਰੋਧ ਕਰਦੇ ਹੋਏ ਮੁੱਖ ਮੰਤਰੀ ਦੇ ਖਿਲਾਫ ਨਾਅਰੇਬਾਜ਼ੀ ਕੀਤੀ। ਇਸ ਉਤੇ ਜਨਤਾ ਦਲ ਯੂ ਦੇ ਨੇਤਾਵਾਂ ਨੇ ਉਸ ਦੀ ਕੁੱਟਮਾਰ ਕੀਤੀ, ਜਿਸ ਦੇ ਬਾਅਦ ਪੁਲਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ। ਪੁਲਸ ਉਸ ਨੂੰ ਗਾਂਧੀ ਮੈਦਾਨ ਥਾਣੇ 'ਚ ਲੈ ਗਈ ਹੈ। ਇਸ ਘਟਨਾ ਦੇ ਬਾਅਦ ਮੁੱਖ ਮੰਤਰੀ ਦੀ ਸੁਰੱਖਿਆ ਵਿੱਚ ਲੱਗੇ ਕਰਮੀਆਂ 'ਚ ਹੱਲਚੱਲ ਮਚ ਗਈ ਅਤੇ ਉਨ੍ਹਾਂ ਨੇ ਤੁਰੰਤ ਮੁੱਖ ਮੰਤਰੀ ਨੂੰ ਸੁਰੱਖਿਆ ਘੇਰੇ 'ਚ ਲੈ ਲਿਆ। ਮੁੱਖ ਮੰਤਰੀ ਉੱਤੇ ਚੱਪਲ ਸੁੱਟਣ ਵਾਲਾ ਚੰਦਨ ਔਰੰਗਾਬਾਦ ਦਾ ਵਾਸੀ ਹੈ ਅਤੇ ਖੁਦ ਨੂੰ ਸਵਰਨ ਸੈਨਾ ਦਾ ਮੈਂਬਰ ਦੱਸਦਾ ਹੈ। ਜਨਤਾ ਦਲ ਯੂ ਵਿਦਿਆਰਥੀ ਸਮਾਗਮ 'ਚ ਹਿੱਸਾ ਲੈਣ ਲਈ ਵੱਡੀ ਗਿਣਤੀ 'ਚ ਵਿਦਿਆਰਥੀ ਆਏ ਸਨ। ਇਸ ਵਿੱਚ ਨਿਤੀਸ਼ ਕੁਮਾਰ ਦੇ ਇਲਾਵਾ ਪਾਰਟੀ ਦੇ ਚੋਣ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ, ਪਾਰਟੀ ਦੇ ਪ੍ਰਦੇਸ਼ ਪ੍ਰਧਾਨ ਨਾਰਾਇਣ ਸਿੰਘ ਦੇ ਨਾਲ ਕਈ ਹੋਰ ਸੀਨੀਅਰ ਨੇਤਾ ਵੀ ਮੌਜੂਦ ਸਨ।

ਪੁਲਸ ਅਧਿਕਾਰੀ ਸੁਰੇਸ਼ ਕੁਮਾਰ ਨੇ ਦੱਸਿਆ ਕਿ ਚੰਦਨ ਮਾਨਸਿਕ ਰੂਪ ਤੋਂ ਪਰੇਸ਼ਾਨ ਦਿੱਸ ਰਿਹਾ ਹੈ। ਸੀਨੀਅਰ ਪੁਲਸ ਸੁਪਰਡੈਂਟ ਮਨੁ ਮਹਾਰਾਜ ਖੁਦ ਉਸ ਤੋਂ ਪੁੱਛਗਿਛ ਕਰ ਰਹੇ ਹਨ। ਸੁਰੇਸ਼ ਨੇ ਦੱਸਿਆ ਕਿ ਚੰਦਨ ਅਤੇ ਉਸ ਦੇ ਪਿੰਡ ਵਾਸੀਆਂ ਨੇ ਦੱਸਿਆ ਕਿ ਉਸ ਦੇ ਪਿਤਾ ਵਿਮਲੇਸ਼ ਸਿੰਘ ਦਾ ਇਲਾਜ ਝਾਰਖੰਡ ਦੇ ਕਾਂਕੇ ਵਿੱਚ ਮਾਨਸਿਕ ਹਸਪਤਾਲ 'ਚ ਚੱਲ ਰਿਹਾ ਹੈ। ਜਨਤਾ ਦਲ ਯੂ ਨੇ ਲੋਕਨਾਇਕ ਜੈ ਪ੍ਰਕਾਸ਼ ਨਾਰਾਇਣ ਦੀ ਜਯੰਤੀ ਦੇ ਮੌਕੇ 'ਤੇ ਬਾਪੂ ਸਭਾਗਾਰ 'ਚ ਵਿਦਿਆਰਥੀ ਸਮਾਗਮ ਦਾ ਆਯੋਜਨ ਕੀਤਾ ਸੀ। ਇਸ ਆਯੋਜਨ 'ਚ ਚੰਦਨ ਨੇ ਮਚ ਵੱਲ ਚੱਪਲ ਸੁੱਟੀ। ਇਸ ਤੋਂ ਪਹਿਲਾਂ ਪੁਲਸ ਚੰਦਨ ਨੂੰ ਹਿਰਾਸਤ 'ਚ ਲੈਂਦੀ ਜਦਯੂ ਵਰਕਰਾਂ ਨੇ ਉਸ ਦੀ ਕੁੱਟਮਾਰ ਕਰ ਦਿੱਤੀ ਸੀ।

# ਪਾਰਲੀਮੈਂਟ ਮੈਂਬਰਾਂ ਤੇ ਵਿਧਾਇਕਾਂ ਦੇ ਅਪਰਾਧਾਂ ਦੀ ਸੂਚਨਾ ਮੰਗੀ ਗਈ

ਨਵੀਂ ਦਿੱਲੀ, 11 ਅਕਤੂਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ 20 ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀਆਂ ਸਰਕਾਰਾਂ ਤੇ ਉਨ੍ਹਾਂ ਨਾਲ ਸੰਬੰਧਤ ਹਾਈ ਕੋਰਟ ਤੋਂ ਦੋ ਹਫਤਿਆਂ ਦੇ ਅੰਦਰ ਪਾਰਲੀਮੈਂਟ ਮੈਂਬਰਾਂ ਤੇ ਵਿਧਾਇਕਾਂ 'ਤੇ ਚੱਲ ਰਹੇ ਅਪਰਾਧਿਕ ਕੇਸਾਂ ਦੀ ਜਾਣਕਾਰੀ ਮੰਗੀ ਹੈ। ਕੁੱਲ 36 ਸੂਬਿਆਂ ਤੇ ਕੇਂਦਰ ਸ਼ਾਸਿਤ ਰਾਜਾਂ ਵਿੱਚੋਂ ਸਿਰਫ 16 ਨੇ ਅਜੇ ਤੱਕ ਇਸ ਬਾਰੇ ਜਾਣਕਾਰੀ ਪੇਸ਼ ਕੀਤੀ ਹੈ। ਮਿਲੀ ਜਾਣਕਾਰੀ ਅਨੁਸਾਰ 2014 ਤੱਕ ਪਾਰਲੀਮੈਂਟ ਮੈਂਬਰਾਂ ਦੇ ਵਿਧਾਇਕਾਂ 'ਤੇ ਕੁੱਲ 1581 ਅਪਰਾਧਿਕ ਮਾਮਲੇ ਪੈਂਡਿੰਗ ਸਨ।

ਚੀਫ ਜਸਟਿਸ ਰੰਜਨ ਗੋਗੋਈ ਦੀ ਪ੍ਰਧਾਨਗੀ ਵਾਲੇ ਸੁਪਰੀਮ ਕੋਰਟ ਦੇ ਬੈਂਚ ਨੇ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਉਹ ਰਾਜਾਂ ਵਿੱਚੋਂ ਆਉਣ ਵਾਲੀਆਂ ਸੂਚਨਾਵਾਂ ਦਾ ਪ੍ਰਬੰਧ ਕਰੇ ਅਤੇ ਪਾਰਲੀਮੈਂਟ ਮੈਂਬਰਾਂ ਅਤੇ ਵਿਧਾਇਕਾਂ ਦੇ ਕੇਸਾਂ ਦੀ ਸੁਣਵਾਈ ਲਈ ਵਿਸ਼ੇਸ਼ ਅਦਾਲਤਾਂ ਦੇ ਗਠਨ ਲਈ ਬੁਨਿਆਦੀ ਢਾਂਚਾ ਤੇ ਹੋਰ ਜ਼ਰੂਰੀ ਪ੍ਰਬੰਧ ਕਰਨਾ ਸ਼ੁਰੂ ਕਰੇ।

# ਗੁਜਰਾਤ ਹਿੰਸਾ ਬਾਰੇ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਡੀ ਜੀ ਪੀ ਤੇ ਮੁੱਖ ਸਕੱਤਰ ਨੂੰ ਨੋਟਿਸ

ਅਹਿਮਦਾਬਾਦ, 11 ਅਕਤੂਬਰ (ਪੋਸਟ ਬਿਊਰੋ)- ਗੁਜਰਾਤ ਰਾਜ ਮਨੁੱਖੀ ਅਧਿਕਾਰ ਕਮਿਸ਼ਨ (ਜੀ ਐਸ ਐਚ ਆਰ ਸੀ) ਨੇ ਕੱਲ੍ਹ ਇਸ ਰਾਜ ਦੇ ਮੁੱਖ ਸਕੱਤਰ ਅਤੇ ਪੁਲਸ ਦੇ ਮੁਖੀ (ਡੀ ਜੀ ਪੀ) ਨੂੰ ਨੋਟਿਸ ਜਾਰੀ ਕੀਤਾ ਐ ਹਿੰਦੀ ਭਾਸ਼ਾ ਬੋਲਣ ਵਾਲੇ ਪਰਵਾਸੀ ਮਜ਼ਦੂਰਾਂ 'ਤੇ ਹਮਲਿਆਂ ਅਤੇ ਉਨ੍ਹਾਂ ਦੀ ਹਿਜਰਤ ਦੀ ਰਿਪੋਰਟ ਮੰਗੀ ਹੈ।

ਗਾਂਧੀਨਗਰ ਵਿੱਚ ਜੀ ਐਸ ਐਚ ਆਰ ਸੀ ਦੀ ਚੇਅਰਪਰਸਨ ਜਸਟਿਸ (ਸੇਵਾਮੁਕਤ) ਅਭਿਲਾਸ਼ਾ ਕੁਮਾਰੀ ਨੇ ਕੱਲ੍ਹ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਰਿਪੋਰਟ 20 ਦਿਨਾਂ ਦੇ ਅੰਦਰ ਜਮ੍ਹਾਂ ਕਰਾਉਣੀ ਹੋਵੇਗੀ। ਉਨ੍ਹਾਂ ਕਿਹਾ ਕਿ ਮੁੱਖ ਸਕੱਤਰ ਜੇ ਐਨ ਸਿੰਘ ਅਤੇ ਡੀ ਜੀ ਪੀ ਸ਼ਿਵਾਨੰਦ ਝਾਅ ਨੂੰ ਨੋਟਿਸ ਜਾਰੀ ਕੀਤੇ ਗਏ ਹਨ ਅਤੇ ਉਨ੍ਹਾਂ ਤੋਂ ਰਾਜ ਵਿੱਚ ਪਰਵਾਸੀ ਕਾਮਿਆਂ ਉੱਤੇ ਹਮਲਿਆਂ ਦੇ ਮਾਮਲੇ ਵਿੱਚ ਉਨ੍ਹਾਂ ਦੀ ਸੁਰੱਖਿਆ ਨਿਸ਼ਚਿਤ ਕਰਨ ਲਈ ਚੁੱਕੇ ਗਏ ਕਦਮਾਂ 'ਤੇ ਰਿਪੋਰਟ ਮੰਗੀ ਗਈ ਹੈ।

ਰੇਮੰਡ ਪਰਵਾਰ ਦਾ ਝਗੜਾ

# ਵਿਜੇਪਤ ਸਿੰਘਾਨੀਆ ਵੱਲੋਂ ਪੁੱਤਰ ਉਤੇ ਦੋਸ਼: ਸਭ ਕੁਝ ਲੈ ਲਿਆ, ਦਿੰਦਾ ਕੁਝ ਵੀ ਨਹੀਂ

ਮੁੰਬਈ, 11 ਅਕਤੂਬਰ (ਪੋਸਟ ਬਿਊਰੋ)- ਰੇਮੰਡ ਗਰੁੱਪ ਦੇ ਚੇਅਰਮੈਨ ਗੌਤਮ ਸਿੰਘਾਨੀਆ ਨੇ ਇੱਕ ਸਿਵਲ ਕੋਰਟ ਵਿੱਚ ਅਰਜ਼ੀ ਦਾਇਰ ਕੀਤੀ ਸੀ ਕਿ ਉਸ ਤੋਂ ਵੱਖ ਰਹਿੰਦੇ ਉਸ ਦੇ ਪਿਤਾ ਡਾਕਟਰ ਵਿਜੇਪਤ ਸਿੰਘਾਨੀਆ (80) ਵੱਲੋਂ ਲਿਖੀ ਜਾ ਰਹੀ ਪੁਸਤਕ ਨੂੰ ਛਪਵਾਉਣ ਤੋਂ ਰੋਕਿਆ ਜਾਵੇ। ਆਪਣੇ ਪਿਓ ਦੀ ਪੁਸਤਕ 'ਤੇ ਇਤਰਾਜ਼ ਕਰਦਿਆਂ ਗੌਤਮ ਸਿੰਘਾਨੀਆ ਨੇ ਦੋਸ਼ ਲਾਇਆ ਕਿ ਇਸ ਪੁਸਤਕ ਨਾਲ ਉਸ (ਗੌਤਮ) ਅਤੇ ਉਸ ਦੇ ਪਰਵਾਰ ਦੀ ਮਾਣਹਾਨੀ ਹੋਵੇਗੀ। ਵਰਨਣ ਯੋਗ ਹੈ ਕਿ ਪਿਓ-ਪੁੱਤਰ ਦੋਵੇਂ ਹੀ ਬੰਬੇ ਹਾਈ ਕੋਰਟ ਵਿੱਚ ਕੁੜੱਤਣ ਭਰੀ ਕਾਨੂੰਨੀ ਲੜਾਈ ਵਿੱਚ ਰੁੱਝੇ ਹੋਏ ਹਨ, ਜਿਸ 'ਤੇ ਡਾਕਟਰ ਵਿਜੇਪਤ ਸਿੰਘਾਨੀਆ ਨੇ ਆਪਣੀ ਪਟੀਸ਼ਨ ਵਿੱਚ ਦੋਸ਼ ਲਾਇਆ ਸੀ ਕਿ ਜੋ ਪੁੱਤਰ ਨੇ ਵਾਅਦਾ ਕੀਤਾ ਸੀ, ਉਹ ਪੂਰਾ ਨਹੀਂ ਕਰ ਰਿਹਾ। ਪਿਓ ਨੂੰ ਇਨੇ ਵੱਡੇ ਸਾਮਰਾਜ ਦਾ ਹਿੱਸਾ ਨਾ ਮੰਨਦੇ ਹੋਏ ਪੁੱਤਰ ਨੇ ਲੰਮੀ-ਚੌੜੀ ਇਮਾਰਤ ਵਿੱਚ ਪਿਓ ਨੂੰ ਕਿਰਾਏ ਦੇ ਕਮਰੇ ਵਿੱਚ ਰਹਿਣ ਨੂੰ ਮਜਬੂਰ ਕਰ ਦਿੱਤਾ ਸੀ। ਮੀਡੀਆ ਨੂੰ ਇੰਟਰਵਿਊ ਵਿੱਚ ਵਿਜੇਪਤ ਸਿੰਘਾਨੀਆ ਨੇ ਦੱਸਿਆ ਕਿ ਉਨ੍ਹਾਂ ਪੁੱਤਰ ਮੋਹ ਵਿੱਚ ਅੰਨ੍ਹੇ ਹੋ ਕੇ ਉਸ (ਗੌਤਮ) ਨੂੰ ਸਭ ਕੁਝ ਦੇ ਦਿੱਤਾ ਸੀ, ਜੋ ਤਕਰੀਬਨ 1000 ਕਰੋੜ ਰੁਪਏ ਦਾ ਸਰਮਾਇਆ ਬਣਦਾ ਹੈ। ਇਸ ਦੇ ਜਵਾਬ ਵਿੱਚ ਗੌਤਮ ਨੇ ਆਪਣੇ ਪਿਓ ਵਿਰੁੱਧ ਕੌੜ ਕੱਢਦੇ ਹੋਏ ਕਿਹਾ ਕਿ ਜੇ ਕੇ ਹਾਊਸ ਅਪਾਰਟਮੈਂਟ ਵਿਜੇਪਤ ਸਿੰਘਾਨੀਆ ਨੂੰ ਸ਼ੇਅਰ ਹੋਲਡਰਾਂ ਦੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਸੌਂਪ ਸਕਦਾ। ਗੌਤਮ ਸਿੰਘਾਨੀਆ ਨੇ ਪਿਛਲੇ ਸਾਲ ਕਿਹਾ ਸੀ ਕਿ ਕੁਝ ਸੁਆਰਥੀ ਲੋਕ ਮੇਰੇ ਪਿਓ ਨੂੰ ਚੁੱਕ ਰਹੇ ਹਨ ਤਾਂ ਕਿ ਉਸ ਤੋਂ ਵੱਡਾ ਮਾਲੀ ਲਾਭ ਲਿਆ ਜਾ ਸਕੇ।



ਚੇਅਰਮੈਨ ਗੌਤਮ ਸਿੰਘਾਨੀਆ

ਗੌਤਮ ਸਿੰਘਾਨੀਆ ਨੇ ਆਪਣੀ ਪਟੀਸ਼ਨ ਵਿੱਚ ਦੋਸ਼ ਲਾਇਆ ਕਿ ਵਿਜੇਪਤ ਨੇ ਆਪਣੀ ਪੁਸਤਕ ਦੇ ਜਿਹੜੇ ਅੰਸ਼ ਦਿੱਤੇ ਹਨ, ਉਹ ਕੁਝ ਮੁਲਾਜ਼ਮਾਂ, ਸਾਬਕਾ ਮੁਲਾਜ਼ਮਾਂ ਦੇ ਨਾਲ ਕੁਝ ਸਾਥੀਆਂ ਨਾਲ ਸਾਂਝੇ ਕੀਤੇ ਹਨ ਤੇ ਇਨ੍ਹਾਂ ਵਿੱਚ ਬਹੁਤ ਕੁਝ ਪਰਵਾਰ ਲਈ ਮਾਣਹਾਨੀ ਦਾ ਕਾਰਨ ਹਨ। ਗੌਤਮ ਦੀ ਇਹ ਦਰਖਾਸਤ ਕੋਰਟ ਨੇ ਰੱਦ ਕਰ ਦਿੱਤੀ ਹੈ। ਇਹ ਮਾਮਲਾ ਸਾਲਸਾਂ ਦੇ ਇੱਕ ਪੈਨਲ ਵੱਲੋਂ ਵਿਚਾਰਿਆ ਜਾ ਰਿਹਾ ਹੈ। ਡਾਕਟਰ ਵਿਜੇਪਤ ਸਿੰਘਾਨੀਆ ਦੇ ਵਕੀਲਾਂ ਨੇ ਦਲੀਲ ਦਿੱਤੀ ਹੈ ਕਿ ਗੌਤਮ ਸਿੰਘਾਨੀਆ ਨੇ ਪੁਸਤਕ ਵਿਚਲੇ ਮਾਣਹਾਨੀ ਦੇ ਸ਼ਬਦਾਂ ਦਾ ਕੋਈ ਜ਼ਿਕਰ ਨਹੀਂ ਕੀਤਾ, ਜਦ ਕਿ ਪ੍ਰਕਾਸ਼ਕਾਂ ਨੇ ਦੱਸਿਆ ਹੈ ਕਿ ਇਹ ਪੁਸਤਕ ਕੋਈ ਜੀਵਨੀ ਨਹੀਂ ਹੈ, ਇਹ ਇੱਕ ਸਵੈ-ਜੀਵਨੀ ਹੈ, ਜਿਸ ਨੂੰ ਕੋਈ ਹੋਰ ਨਹੀਂ ਬਲਕਿ ਅੱਸੀ ਸਾਲ ਦਾ ਪਿਤਾ ਖੁਦ ਲਿਖ ਰਿਹਾ ਹੈ।

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed
Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472
■ 1st & 2nd Mortgages
■ Refinancing & Renewal
■ Line of Credit
■ Debt Consolidation
■ Self Employed
■ Truck Loan
■ Equipment Leasing
■ Bad Credit
5 CHERRYCREST DR. #206 BRAMPTON L6P 3W4

Honesty, Reliability, Commitment
HOMELIFE SILVERCITY
"Open House Until Sold"
○ 1 yr Home Warranty ○ Appliances & Furniture
○ 40% Discount on Brand Name ○ Free Evaluation & Lowest Commission
Hira Randhawa
Broker
www.hirarandhawa.com | hirarandhawa@yahoo.ca
For all your Real Estate needs: 416.319.0551 or 905.913.8585
$299,900 — Hwy 20 & Stanley St. — Front And Back Duplex Near Center St. And Clifton Hill. Brand New Roof 2016. Main House Has 2 Bdrms, Finished Attic Space And Full Unfinished Bsmnt With Sep. Ent. Covered Front Porch. Current Tenant Pays $750 Inclusive.
$619,000 — Wanless & Mclaughlin — Just One And Half Year New, 3 Bedroom Semi-Detached Home In Great Location With Double Door Entry. Modern Kitchen With SS Appliances, Family Room With W/O Balcony, Upgraded Bathroom Cabinets. Close To All Amenities
$639,000 — Hwy 10/ Sandalwood — A Detach Family Home Located In Desirable Neighbourhood Of Loafer Lake. This Home Offers 4 Generous Size Bedrooms,3 Washrooms, Finished Bsmnt With 2 More Bedroom, Hardwood Floors, Close To All Amenities.
$699,900 — Chinguacousy/Queen — Magnificent Beauty Has Plenty To Offer Located In A Very Demanding Area. Double Door Main Entry, Separate Living Room, Separate Family Room, Beautiful Kitchen And Bedroom With 9' Feet Ceiling, Master Br Has 5Pc...
Supervisa, Travel Insurance Call : 416.319.0551

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

◆ Insurance ◆
Punjab Insurance Inc
• Super Visa Insurance
• Life Insurance
• Disability Insurance
• Critical illness Insurance
• Mortgage Insurance
• RRSP (Retirement Plan)
• RESP (Education Plan)
• Visitor Insurance
• Health and Dental Plans..
• Travel Insurance
• Segregated Funds, TFSA
Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

DUCT CLEANING
A breath of Clean air
Residential & Commercial Air duct cleaning and dryer vent cleaning
Free Sanitizer
BEFORE AFTER
66 ਹੋਰਸ ਪਾਵਰ ਦੇ ਇੰਜਨ ਦੇ ਵੈਕਯੂਮ ਨਾਲ ਤਸਲੀ ਬਖ਼ਸ਼ ਕੰਮ ਦੀ ਗਾਰੰਟੀ
For Professional Duct Cleaning Services
Call Air Frais Duct Cleaning at:
905-867-9000

A/Z Drivers Needed/ਡਰਾਈਵਰਾਂ ਦੀ ਲੋੜ
➡ Team Drivers Needed Immediately
➡ Dedicated AutoPart Runs To Texas, Missouri, Kansas
➡ Permanent Schedule for whole year
➡ Always Go to same Shippers No Waiting at All
➡ Highest Pay Rate Package Plus HST
➡ New Model Volvo Trucks
➡ Paid Every Week On Friday
➡ 20,000 to 24,00 Miles in a Month
➡ Always Home At Weekends
➡ Can Work From Brampton, Woodstock or London
- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week
"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344

ਇੰਦਰਾ ਨੂਈ ਨੇ ਕਿਹਾ:

# ਮੈਂ ਰਾਜਨੀਤੀ 'ਚ ਆਈ ਤਾਂ ਤੀਜਾ ਵਿਸ਼ਵ ਯੁੱਧ ਹੋਵੇਗਾ

ਨਿਊਯਾਰਕ, 11 ਅਕਤੂਬਰ (ਪੋਸਟ ਬਿਊਰੋ)- ਪੈਪਸੀਕੋ ਦੀ ਭਾਰਤੀ ਮੂਲ ਦੀ ਸਾਬਕਾ ਸੀ ਈ ਓ ਇੰਦਰਾ ਨੂਈ ਦਾ ਕਹਿਣਾ ਹੈ ਕਿ ਜੇ ਉਹ ਰਾਜਨੀਤੀ ਵਿੱਚ ਆਈ ਤਾਂ ਤੀਜਾ ਵਿਸ਼ਵ ਯੁੱਧ ਹੋ ਜਾਵੇਗਾ। ਨੂਈ ਨੂੰ ਕੱਲ੍ਹ ਏਸ਼ੀਅਨ ਸੁਸਾਇਟੀ ਦੇ ਗੇਮ ਚੇਂਜਰ ਆਫ ਦਾ ਯੀਅਰ ਐਵਾਰਡ ਨਾਲ ਨਿਵਾਜਿਆ ਗਿਆ ਸੀ।



12 ਸਾਲ ਦੁਨੀਆ ਦੀ ਸਭ ਤੋਂ ਵੱਡੀ ਕੋਲਡ ਡਰਿੰਕ ਕੰਪਨੀ ਦੀ ਸੀ ਈ ਓ ਰਹਿਣ ਪਿੱਛੋਂ ਨੂਈ ਨੇ ਦੋ ਅਕਤੂਬਰ ਨੂੰ ਇਹ ਅਹੁਦਾ ਛੱਡ ਦਿੱਤਾ ਸੀ। ਉਹ ਫਿਰ ਵੀ 2019 ਤੱਕ ਕੰਪਨੀ ਦੀ ਪ੍ਰਧਾਨ ਬਣੀ ਰਹੇਗੀ। ਕਾਰੋਬਾਰੀ ਪ੍ਰਾਪਤੀਆਂ ਤੇ ਔਰਤਾਂ ਨੂੰ ਅੱਗੇ ਵਧਣ ਵਿੱਚ ਉਨ੍ਹਾਂ ਦੇ ਯਤਨਾਂ ਲਈ ਏਸ਼ੀਅਨ ਸੁਸਾਇਟੀ ਨੇ ਉਨ੍ਹਾਂ ਨੂੰ ਇਸ ਐਵਾਰਡ ਨਾਲ ਨਿਵਾ-ਜਆ। ਥਾਈਲੈਂਡ ਦੀ ਗੁਫਾ 'ਚ ਫਸੇ ਬੱਚਿਆਂ ਨੂੰ ਕੱਢਣ ਵਾਲੀ ਟੀਮ ਨੂੰ ਵੀ ਐਵਾਰਡ ਦਿੱਤਾ ਗਿਆ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਕੈਬਨਿਟ ਵਿੱਚ ਸ਼ਾਮਲ ਹੋਣ ਦੀ ਯੋਜਨਾ ਨਾਲ ਜੁੜੇ ਸਵਾਲ 'ਤੇ ਨੂਈ ਨੇ ਕਿਹਾ ਕਿ ਮੇਰਾ ਰਾਜਨੀਤੀ ਦਾ ਕੋਈ ਵਾਸਤਾ ਨਹੀਂ ਹੈ। ਮੈਂ ਬਹੁਤ ਬੋਲਣ ਵਾਲੀ ਹਾਂ ਇਸ ਲਈ ਮੇਰੇ ਰਾਜਨੀਤੀ 'ਚ ਆਉਣ ਨਾਲ ਤੀਜਾ ਵਿਸ਼ਵ ਯੁੱਧ ਹੋ ਜਾਵੇਗਾ। ਨੂਈ ਨੇ ਕਿਹਾ ਕਿ ਮੈਂ ਏਸ਼ਿਆਈ ਮਾਡਲ ਅਪਣਾ ਕੇ ਕੰਮ ਦੇ ਨਾਲ ਆਪਣੀਆਂ ਬੱਚੀਆਂ ਨੂੰ ਵੱਡਾ ਕਰ ਸਕੀ। ਔਰਤਾਂ ਨੂੰ ਕੰਮ ਤੇ ਪਰਵਾਰ ਵਿਚਕਾਰ ਤਾਲਮੇਲ ਬਿਠਾਉਣ ਲਈ ਪਰਵਾਰ ਦੇ ਵੱਡੇ ਮੈਂਬਰਾਂ ਦੀ ਮਦਦ ਚਾਹੀਦੀ ਹੈ।

# ਬ੍ਰਿਟੇਨ ਦੀ ਧਮਕੀ, ਖਾਸ਼ੋਗੀ ਬਾਰੇ ਸ਼ੱਕ ਸਹੀ ਹੋਇਆ ਤਾਂ ਸਾਊਦੀ ਨੂੰ ਨਤੀਜੇ ਭੁਗਤਣੇ ਪੈਣਗੇ

ਲੰਡਨ, 11 ਅਕਤੂਬਰ (ਪੋਸਟ ਬਿਊਰੋ)- ਬ੍ਰਿਟੇਨ ਦੇ ਵਿਦੇਸ਼ ਮੰਤਰੀ ਨੇ ਅੱਜ ਵੀਰਵਾਰ ਚਿਤਾਵਨੀ ਦਿੱਤੀ ਕਿ ਪੱਤਰਕਾਰ ਜਮਾਲ ਖਾਸ਼ੋਗੀ ਦੇ ਕਤਲ ਬਾਰੇ ਤੁਰਕੀ ਦੇ ਅਧਿਕਾਰੀਆਂ ਦਾ ਸ਼ੱਕ ਸਹੀ ਸਾਬਤ ਹੋਇਆ ਤਾਂ ਸਾਊਦੀ ਅਰਬ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ। ਖਾਸ਼ੋਗੀ 2 ਅਕਤੂਬਰ ਤੋਂ ਬਾਅਦ ਨਜ਼ਰ ਨਹੀਂ ਆਇਆ। ਉਹ ਵਿਆਹ ਦੇ ਦਸਤਾਵੇਜ਼ ਲੈਣ ਲਈ ਇਸਤਾਂਬੁਲ 'ਚ ਸਾਊਦੀ ਅਰਬ ਦੇ ਵਪਾਰਕ ਦੂਤਘਰ ਗਿਆ ਸੀ।

ਇਸ ਸੰਬੰਧ ਵਿੱਚ ਬ੍ਰਿਟੇਨ ਦੇ ਵਿਦੇਸ਼ ਮੰਤਰੀ ਜੇਰੇਮੀ ਹੰਟ ਨੇ ਕਿਹਾ ਕਿ ਲੰਬੇ ਸਮੇਂ ਤੋਂ ਸਾਊਦੀ ਅਰਬ ਨੂੰ ਦੋਸਤ ਮੰਨ ਰਹੇ ਲੋਕਾਂ ਦਾ ਕਹਿਣਾ ਹੈ ਕਿ ਇਹ ਗੰਭੀਰ ਮਾਮਲਾ ਹੈ। ਉਨ੍ਹਾਂ ਕਿਹਾ, 'ਜੇ ਦੋਸ਼ ਸਹੀ ਹਨ ਤਾਂ ਗੰਭੀਰ ਨਤੀਜੇ ਹੋਣਗੇ ਕਿਉਂਕਿ ਸਾਡੀ ਦੋਸਤੀ ਸਾਂਝੀਆਂ ਕੀਮਤਾਂ ਉਤੇ ਹਨ। ਅਸੀਂ ਬਹੁਤ ਪ੍ਰੇਸ਼ਾਨ ਹਾਂ।' ਹੰਟ ਨੇ ਕਿਹਾ ਕਿ ਉਨ੍ਹਾਂ ਨੇ ਸਾਊਦੀ ਅਰਬ ਦੇ ਵਿਦੇਸ਼ ਮੰਤਰੀ ਅਦੇਲ ਜੁਬੈਰ ਨਾਲ ਗੱਲ ਕੀਤੀ ਅਤੇ ਦੱਸਿਆ ਕਿ ਬ੍ਰਿਟੇਨ ਕਿੰਨਾ ਪ੍ਰੇਸ਼ਾਨ ਹੈ। ਬ੍ਰਿਟੇਨ, ਸਾਊਦੀ ਅਰਬ ਦਾ ਕਰੀਬੀ ਸਹਿਯੋਗੀ ਤੇ ਕਾਰੋਬਾਰੀ ਹੈ। ਤੁਰਕੀ ਦੇ ਰਾਸ਼ਟਰਪਤੀ ਰਜਬ ਤਈਅਬ ਐਰਦੋਗਨ ਨੇ ਸਾਊਦੀ ਅਰਬ ਤੋਂ ਖਾਸ਼ੋਗੀ ਦੀ ਤਸਵੀਰ ਜਾਰੀ ਕਰਨ ਦੀ ਅਪੀਲ ਕੀਤੀ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀ ਉਨ੍ਹਾਂ ਦੇ ਲਾਪਤਾ ਹੋਣ 'ਤੇ ਜਵਾਬ ਮੰਗਿਆ ਹੈ। ਪੱਤਰਕਾਰ ਦੇ ਲਾਪਤਾ ਹੋਣ ਬਾਰੇ ਸਪੱਸ਼ਟੀਕਰਨ ਲਈ ਸਾਊਦੀ 'ਤੇ ਦਬਾਅ ਵਧਦਾ ਜਾ ਰਿਹਾ ਹੈ।



## ਆਸਟਰੇਲੀਆ ਵਿੱਚ ਪੰਜਾਬੀ ਨੂੰ ਜੇਲ੍ਹ ਦੀ ਸਜ਼ਾ ਤੋਂ ਰਾਹਤ

ਮੈਲਬਰਨ, 11 ਅਕਤੂਬਰ (ਪੋਸਟ ਬਿਊਰੋ)- ਪੰਜਾਬੀ ਆਦਮੀ ਨੂੰ ਇਥੇ ਹੋਏ ਕਾਰ ਹਾਦਸੇ 'ਚ ਦੋਸ਼ੀ ਪਾਇਆ ਗਿਆ ਸੀ ਪਰ ਅਦਾਲਤ ਨੇ ਉਸ ਦੇ ਨੇਕ ਨੀਤੀ 'ਤੇ ਚੱਲਦਿਆਂ ਜੇਲ੍ਹ ਭੇਜਣ ਤੋਂ ਰੋਕ ਦਿੱਤਾ ਹੈ। ਸੁਖਵੰਤ ਸਿੰਘ ਸੋਢੀ ਜਦੋਂ ਪਿਛਲੇ ਸਾਲ ਅੱਠ ਅਕਤੂਬਰ 2017 ਨੂੰ ਜਦੋਂ ਆਪਣੇ ਪਰਵਾਰ ਸਮੇਤ ਸਿਡਨੀ ਤੋਂ ਮੈਲਬਰਨ ਆ ਰਿਹਾ ਸੀ ਤਾਂ ਇਸ ਦੀ ਕਾਰ ਦਾ ਅਚਾਨਕ ਸੰਤੁਲਨ ਵਿਗੜ ਗਿਆ ਅਤੇ ਕਾਰ ਦਰੱਖਤ ਨਾਲ ਜਾ ਟਕਰਾਈ ਅਤੇ ਉਸ ਸਮੇਂ ਉਸ ਦੀ ਪਤਨੀ ਅਤੇ ਰਿਸ਼ਤੇਦਾਰ ਔਰਤ ਜ਼ਖਮੀ ਹੋ ਗਈਆਂ ਸਨ, ਪਰ ਇਕ ਔਰਤ ਦੀ ਮਹੀਨੇ ਬਾਅਦ ਮੌਤ ਹੋ ਗਈ ਸੀ। ਪੁਲਸ ਵੱਲੋਂ ਸੁਖਵੰਤ ਸੋਢੀ (53) 'ਤੇ ਖਤਰਨਾਕ ਡਰਾਈਵਿੰਗ ਕਰਨ ਦੇ ਦੋਸ਼ ਲੱਗੇ ਸੀ। ਅਦਾਲਤ ਨੇ ਉਸ ਨੂੰ ਸਿਰਫ ਇਸ ਦੋਸ਼ ਲਈ 200 ਘੰਟੇ ਕਮਿਊਨਿਟੀ ਸਰਵਿਸ ਦੀ ਸਜ਼ਾ ਸੁਣਾਈ ਹੈ। ਉਸ ਨੂੰ ਜੇਲ੍ਹ ਨਹੀਂ ਭੇਜਿਆ ਗਿਆ, ਕਿਉਂਕਿ ਉਹ ਵਧੀਆ ਇਨਸਾਨ ਹੈ। ਅਦਾਲਤ ਨੇ ਦੱਸਿਆ ਕਿ ਸੋਢੀ ਨੇ ਇਸ ਹਾਦਸੇ 'ਚ ਮਰਨ ਵਾਲੀ ਔਰਤ ਦੇ ਬੱਚਿਆਂ ਦੀ ਦੇਖਭਾਲ ਵੀ ਕੀਤੀ ਤੇ ਉਸ ਨੇ ਇਸ ਤੋਂ ਬਾਅਦ ਇਸ ਨੂੰ ਵੀ ਕਬੂਲਿਆ ਸੀ। ਪਰਵਾਰ ਪ੍ਰਤੀ ਸਮਰਪਣ ਅਤੇ ਜ਼ਿੰਮੇਵਾਰੀਆਂ ਦੇ ਅਹਿਸਾਸ ਕਾਰਨ ਉਸ ਨੂੰ ਜੇਲ੍ਹ ਦੀ ਸਜ਼ਾ ਨਹੀਂ ਦੇ ਸਕਦੇ। ਉਹ ਇਥੇ 2014 'ਚ ਆਇਆ ਸੀ, ਉਸ ਸਮੇਂ ਉਸ ਦੀ ਉਮਰ 45 ਸਾਲ ਸੀ। ਉਸ ਦਾ ਡਰਾਈਵਿੰਗ ਲਾਇਸੈਂਸ 18 ਮਹੀਨਿਆਂ ਲਈ ਖਾਰਜ ਕੀਤਾ ਗਿਆ ਹੈ ਅਤੇ ਉਹ ਇਸ ਸਮੇਂ ਦੌਰਾਨ ਕਾਰ ਨਹੀਂ ਚਲਾ ਸਕੇਗਾ ਅਤੇ ਨਾ ਹੀ ਬਹਾਲੀ ਦੀ ਅਪੀਲ ਕਰ ਸਕਦਾ ਹੈ।

# ਆਕਸਫੋਰਡ ਦੀ 32 ਸਾਲਾ ਵਿਦਿਆਰਥਣ ਨੇ ਆਪਣੇ ਆਪ ਨਾਲ ਵਿਆਹ ਕਰ ਲਿਆ

ਲੰਡਨ, 11 ਅਕਤੂਬਰ (ਪੋਸਟ ਬਿਊਰੋ)- ਲੰਡਨ ਵਿਚ ਪੜ੍ਹਾਈ ਕਰ ਰਹੀ ਯੁਗਾਂਡਾ ਦੀ ਮਹਿਲਾ ਨੇ ਇੱਕ ਅਨੋਖਾ ਕਦਮ ਚੁੱਕਿਆ, ਜਿਸ ਕਾਰਨ ਉਹ ਚਰਚਾ ਵਿਚ ਆ ਗਈ ਹੈ। 32 ਸਾਲਾ ਆਕਸਫੋਰਡ ਦੀ ਵਿਦਿਆਰਥਣ ਨੇ ਪਰਿਵਾਰ ਅਤੇ ਦੋਸਤਾਂ ਦੇ ਵਿਆਹ ਸਬੰਧੀ ਸਵਾਲ ਦਾ ਜਵਾਬ ਦੇਣ ਲਈ ਅਨੋਖਾ ਰਸਤਾ ਲੱਭਿਆ।



ਇਕ ਅੰਗਰੇਜ਼ੀ ਅਖਬਾਰ ਦੀ ਖਬਰ ਮੁਤਾਬਕ ਲੁਲੁ ਜੇਮਿਮਾ ਨੇ ਵਿਆਹ ਦੀ ਪੂਰੀ ਤਿਆਰੀ ਕੀਤੀ। ਦੋਸਤਾਂ ਅਤੇ ਪਰਿਵਾਰ ਵਾਲਿਆਂ ਨੂੰ ਸੱਦਿਆ ਅਤੇ ਫਿਰ ਖੁਦ ਨਾਲ ਹੀ ਵਿਆਹ ਕਰ ਕੇ ਇਸ ਸਵਾਲ ਦਾ ਜਵਾਬ ਸਾਰਿਆਂ ਨੂੰ ਦਿੱਤਾ। ਜੇਮਿਮਾ ਆਕਸਫੋਰਡ ਯੂਨੀਵਰਸਿਟੀ ਵਿਚ ਰਚਨਾਤਮਕ ਲੇਖਨ ਦੀ ਪੜ੍ਹਾਈ ਕਰ ਰਹੀ ਹੈ। ਉਸ ਨੇ ਨਿੱਜੀ ਆਜ਼ਾਦੀ 'ਤੇ ਬਣਾਏ ਜਾ ਰਹੇ ਦਬਾਅ ਦਾ ਜ਼ਬਰਦਸਤ ਜਵਾਬ ਦਿੰਦਿਆਂ ਖੁਦ ਨਾਲ ਵਿਆਹ ਕਰਨ ਦਾ ਫੈਸਲਾ ਲਿਆ। ਉਸ ਨੇ ਆਪਣੇ ਵਿਆਹ ਦੀ ਪੂਰੀ ਤਿਆਰੀ ਕੀਤੀ ਅਤੇ ਇਸ ਲਈ ਖਾਸ ਵੈਡਿੰਗ ਗਾਊਨ ਵੀ ਬਣਾਇਆ। ਵਿਆਹ ਸਥਾਨ ਤੱਕ ਜੇਮਿਮਾ ਰਵਾਇਤੀ ਅੰਦਾਜ਼ ਵਿਚ ਗਈ। ਓਥੇ ਆਏ ਸਾਰੇ ਲੋਕ ਉਦੋਂ ਹੈਰਾਨ ਰਹਿ ਗਏ ਜਦੋਂ ਉਨ੍ਹਾਂ ਨੇ ਦੇਖਿਆ ਕਿ ਇਸ ਵਿਆਹ ਵਿਚ ਕੋਈ ਲਾੜਾ ਨਹੀਂ ਸੀ। ਜੇਮਿਮਾ ਨੇ ਆਕਸਫੋਰਡ ਦੀ ਪੜ੍ਹਾਈ ਪੂਰੀ ਕਰਨ ਲਈ ਖੁਦ ਨਾਲ ਹੀ ਵਿਆਹ ਕਰ ਲਿਆ। ਵਿਆਹ ਮਗਰੋਂ ਉਹ ਬਾਈਕ 'ਤੇ ਬੈਠ ਕੇ ਵਿਦਾ ਹੋਈ। ਜਿਵੇਂ ਰਵਾਇਤੀ ਕ੍ਰਿਸ਼ਚੀਅਨ ਵਿਆਹ ਵਿਚ ਹੁੰਦਾ ਹੈ, ਜੇਮਿਮਾ ਨੇ ਕਿਹਾ, 'ਖੁਦ ਨਾਲ ਵਿਆਹ ਕਰਨਾ ਦਾ ਮੇਰਾ ਫੈਸਲਾ ਪਰਿਵਾਰ ਤੇ ਦੋਸਤਾਂ ਨੂੰ ਨਿਰਾਸ਼ ਕਰਨ ਵਾਲਾ ਸੀ। ਮੈਨੂੰ ਲੱਗਦਾ ਹੈ ਕਿ ਮੇਰੇ ਲਈ ਇਹ ਬਿਲਕੁੱਲ ਠੀਕ ਫੈਸਲਾ ਹੈ। ਮੈਂ ਆਪਣੇ ਨਾਲ ਕੀਤੇ ਵਚਨ ਦੀ ਜਾਣਕਾਰੀ ਸਾਰਿਆਂ ਨੂੰ ਦੇ ਦਿੱਤੀ।' ਇਸ ਮੌਕੇ ਜੇਮਿਮਾ ਨੇ ਦੱਸਿਆ ਕਿ ਉਸ ਦੇ ਵਿਆਹ ਵਿਚ ਕੁੱਲ ਖਰਚ 2 ਪੌਂਡ ਆਇਆ, ਜੋ ਵਿਆਹ ਸਥਾਨ ਤੱਕ ਪਹੁੰਚਣ ਦਾ ਟੈਕਸੀ ਕਿਰਾਇਆ ਸੀ। ਉਸ ਨੇ ਦੱਸਿਆ ਕਿ ਇਸ ਵਿਆਹ ਦੇ ਫੈਸਲੇ ਤੋਂ ਉਸ ਦੇ ਮਾਤਾ-ਪਿਤਾ ਖੁਸ਼ ਨਹੀਂ ਹਨ। ਉਸ ਨੇ ਕਿਹਾ, 'ਯੁਗਾਂਡਾ ਵਿਚ ਮੇਰੇ ਮਾਤਾ-ਪਿਤਾ ਤੇ ਦੋਸਤ ਹਮੇਸ਼ਾ ਪੁੱਛਦੇ ਸਨ ਕਿ ਮੈਂ ਵਾਪਸ ਆ ਕੇ ਵਿਆਹ ਕਦੋਂ ਕਰਾਂਗੀ। ਜਦੋਂ ਮੈਂ ਆਪਣੇ ਮਾਤਾ-ਪਿਤਾ ਨੂੰ ਇਸ ਵਿਆਹ ਬਾਰੇ ਦੱਸਿਆ ਤਾਂ ਉਹ ਜ਼ਿਆਦਾ ਖੁਸ਼ ਨਹੀਂ ਹੋਏ। ਮੈਂ ਆਪਣੇ ਵਿਆਹ ਦੀਆਂ ਤਸਵੀਰਾਂ ਉਨ੍ਹਾਂ ਨੂੰ ਭੇਜੀਆਂ ਹਨ।'

## ਬ੍ਰਿਟੇਨ 'ਚ ਖੁਦਕੁਸ਼ੀਆਂ ਰੋਕਣ ਲਈ ਪਹਿਲੀ ਵਾਰ ਅਜਿਹੀ ਪਹਿਲ

ਲੰਡਨ, 11 ਅਕਤੂਬਰ (ਪੋਸਟ ਬਿਊਰੋ)- ਬ੍ਰਿਟੇਨ ਵਿਚ ਖੁਦਕੁਸ਼ੀ ਦੇ ਮਾਮਲਿਆਂ ਉਤੇ ਲਗਾਮ ਕੱਸਣ ਲਈ ਪਹਿਲੀ ਵਾਰ ਇਕ ਮੰਤਰੀ ਦੀ ਨਿਯੁਕਤੀ ਕੀਤੀ ਗਈ ਹੈ। ਇਹ ਕਦਮ 'ਵਿਸ਼ਵ ਮਾਨਸਿਕ ਸਿਹਤ ਦਿਵਸ' ਮੌਕੇ ਚੁੱਕਿਆ ਗਿਆ ਹੈ। ਇਸ ਦੇਸ਼ ਵਿਚ ਹਰ ਸਾਲ ਤਕਰੀਬਨ 4500 ਲੋਕ ਖੁਦਕੁਸ਼ੀ ਕਰ ਲੈਂਦੇ ਹਨ।

ਇਸ ਸੰਬੰਧ ਵਿੱਚ ਬ੍ਰਿਟੇਨ ਦੀ ਪ੍ਰਧਾਨ ਮੰਤਰੀ ਥੈਰੇਸਾ ਮੇਅ ਨੇ ਕਿਹਾ ਕਿ ਸਿਹਤ ਮੰਤਰੀ ਜੈਕੀ ਡੋਇਲ ਪ੍ਰਾਈਸ ਨੂੰ ਵਾਧੂ ਚਾਰਜ ਦਿੱਤਾ ਗਿਆ ਹੈ ਅਤੇ ਇਸ ਨਾਲ ਖੁਦਕੁਸ਼ੀ ਦੇ ਕੇਸਾਂ ਨੂੰ ਰੋਕਣ ਵਿਚ ਮਦਦ ਮਿਲੇਗੀ। ਮੇਅ ਨੇ ਇਕ ਬਿਆਨ ਵਿਚ ਦੱਸਿਆ, 'ਇਸ ਨਾਲ ਅਸੀਂ ਉਸ ਧੱਬੇ ਨੂੰ ਮਿਟਾ ਸਕਦੇ ਹਾਂ, ਜਿਸ ਕਾਰਨ ਕਈ ਲੋਕ ਚੁੱਪ ਕਰ ਕੇ ਦਰਦ ਸਹਿਣ ਕਰ ਰਹੇ ਹੁੰਦੇ ਹਨ। ਅਸੀਂ ਖੁਦਕੁਸ਼ੀ ਵਰਗੀ ਤ੍ਰਾਸਦੀ ਨੂੰ ਰੋਕ ਸਕਦੇ ਹਾਂ ਸਾਨੂੰ ਮਾਨਸਿਕ ਤੇ ਸਰੀਰਕ ਸਿਹਤ, ਦੋਹਾਂ 'ਤੇ ਧਿਆਨ ਦੇਣ ਦੀ ਲੋੜ ਹੈ। ਨਵੇਂ ਡਿਵੀਜ਼ਨ ਦਾ ਨਾਂ 'ਮਾਨਸਿਕ ਸਿਹਤ ਅਤੇ ਖੁਦਕੁਸ਼ੀ ਦੀ ਰੋਕਥਾਮ' ਹੈ। ਇਹ ਡਿਵੀਜ਼ਨ ਖੁਦਕੁਸ਼ੀ ਦੀ ਰੋਕਥਾਮ ਸਬੰਧੀ ਨਵੇਂ ਰਾਸ਼ਟਰੀ ਕੋਸ਼ਿਸ਼ ਦੀ ਅਗਵਾਈ ਕਰੇਗਾ। ਵਰਨਣ ਯੋਗ ਹੈ ਕਿ ਬ੍ਰਿਟੇਨ ਵਿਚ ਹਰ ਸਾਲ ਤਕਰੀਬਨ 4500 ਲੋਕ ਖੁਦਕੁਸ਼ੀ ਕਰਦੇ ਹਨ। ਦੇਸ਼ ਵਿਚ 45 ਸਾਲ ਤੋਂ ਘੱਟ ਉਮਰ ਦੇ ਪੁਰਸ਼ਾਂ ਦੀ ਮੌਤ ਦਾ ਮੁੱਖ ਕਾਰਨ ਖੁਦਕੁਸ਼ੀ ਹੈ।

# ਹੱਤਿਆ ਦੀ ਧਮਕੀ ਮਗਰੋਂ ਸਾਬਕਾ ਮਿਸ ਇਰਾਕ ਨੇ ਦੇਸ਼ ਛੱਡਿਆ

ਬਗਦਾਦ, 11 ਅਕਤੂਬਰ (ਪੋਸਟ ਬਿਊਰੋ)- ਸਾਬਕਾ ਮਿਸ ਇਰਾਕ ਅਤੇ ਮਾਡਲ ਨੂੰ ਹੱਤਿਆ ਦੀ ਧਮਕੀ ਤੋਂ ਬਾਅਦ ਦੇਸ਼ ਛੱਡਣਾ ਪਿਆ ਹੈ। ਪਿਛਲੇ ਮਹੀਨੇ ਇਕ ਮਾਡਲ ਨੂੰ ਆਪਣੇ ਲਾਈਫ ਸਟਾਈਲ ਕਾਰਨ ਮਾਰ ਦਿੱਤਾ ਗਿਆ ਸੀ।

ਸਾਲ 2015 ਵਿੱਚ ਮਿਸ ਇਰਾਕ ਚੁਣੀ ਗਈ ਸ਼ਿਮਾ ਕਾਸਿਮ ਅਬਦੁੱਲ ਰਹਿਮਾਨ ਨੇ ਇਰਾਕ ਛੱਡ ਕੇ ਜਾਰਡਨ 'ਚ ਪਨਾਹ ਲੈ ਲਈ ਹੈ। ਉਸ ਦਾ ਕਹਿਣਾ ਹੈ ਕਿ ਇਸਲਾਮਿਕ ਸਟੇਟ ਆਫ ਲੇਵਾਂਤ (ਆਈ ਐਸ ਆਈ ਐਲ) ਨਾਲ ਜੁੜੇ ਕੁਝ ਲੋਕਾਂ ਨੇ ਉਨ੍ਹਾਂ ਨੂੰ 'ਅਗਲੀ ਵਾਰੀ ਤੇਰੀ ਹੈ' ਦਾ ਸੰਦੇਸ਼ ਦਿੱਤਾ ਹੈ। ਸ਼ਿਮਾ ਦਾ ਕਹਿਣਾ ਹੈ ਕਿ ਇਸ ਤੋਂ ਬਾਅਦ ਉਹ ਆਪਣੇ ਜੀਵਨ ਦੀ ਸੁਰੱਖਿਆ ਬਾਰੇ ਡਰ ਗਈ ਹੈ ਤੇ ਉਸ ਨੇ ਇਰਾਕ ਛੱਡਣ ਦਾ ਫੈਸਲਾ ਕਰ ਲਿਆ। ਇਕ ਸਥਾਨਕ ਕੁਰਦਿਸ਼ ਨਿਊਜ਼ ਚੈਨਲ ਨੂੰ ਦਿੱਤੀ ਇੰਟਰਵਿਊ 'ਚ ਉਸ ਨੇ ਕਿਹਾ ਕਿ ਮੈਨੂੰ ਹੱਤਿਆ ਦੀ ਧਮਕੀ ਦਿੱਤੀ ਗਈ ਹੈ। ਮੇਰੀ ਜ਼ਿੰਦਗੀ ਨੂੰ ਖਤਰਾ ਹੈ। ਇਥੇ ਬਹੁਤ ਸਾਰੀਆਂ ਔਰਤਾਂ ਦੀ ਰੋਜ਼ ਹੱਤਿਆ ਹੋ ਰਹੀ ਹੈ। ਮੇਰੇ ਲਈ ਇਰਾਕ 'ਚ ਰਹਿਣਾ ਖਤਰੇ ਤੋਂ ਖਾਲੀ ਨਹੀਂ ਸੀ ਤੇ ਇਸ ਲਈ ਮੈਂ ਆਪਣਾ ਦੇਸ਼ ਛੱਡ ਕੇ ਜਾਰਡਨ 'ਚ ਰਹਿਣ ਦਾ ਫੈਸਲਾ ਕਰ ਲਿਆ ਹੈ।



ਸ਼ਿਮਾ ਕਾਸਿਮ ਅਬਦੁੱਲ ਰਹਿਮਾਨ

ਪਿਛਲੇ ਹਫਤੇ ਬਗਦਾਦ ਦੇ ਮੱਧ ਹਿੱਸੇ 'ਚ ਮਾਡਲ ਤੇ ਇੰਸਟਾਗ੍ਰਾਮ ਸਟਾਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਮੰਨਿਆ ਜਾਂਦਾ ਹੈ ਕਿ ਤਾਰਾ ਫਰੇਸ ਨਾਂ ਦੀ 22 ਸਾਲਾ ਇਸ ਮਾਡਲ ਦੀ ਹੱਤਿਆ ਉਨ੍ਹਾਂ ਦੀ ਖਾਸ ਜੀਵਨ ਸ਼ੈਲੀ ਕਾਰਨ ਕੀਤੀ ਗਈ ਹੈ। ਫਰੇਸ ਆਪਣੀ ਪੋਰਸ਼ ਕਾਰ ਰਾਹੀਂ ਬਗਦਾਦ ਅਤੇ ਕੈਂਪ ਸਾਰਾਹ ਹਿੱਸੇ ਤੋਂ ਗੁਜ਼ਰ ਰਹੀ ਸੀ, ਉਸੇ ਵੇਲੇ ਉਸ 'ਤੇ ਗੋਲੀਬਾਰੀ ਕੀਤੀ ਗਈ। ਇਰਾਕ 'ਚ ਸੋਸ਼ਲ ਮੀਡੀਆ 'ਤੇ ਐਕਟਿਵ ਰਹਿਣ ਵਾਲੀਆਂ ਤੇ ਆਧੁਨਿਕ ਜੀਵਨ ਸ਼ੈਲੀ ਵਾਲੀਆਂ ਕਈ ਔਰਤਾਂ ਦੀ ਹੱਤਿਆ ਕੀਤੀ ਗਈ ਹੈ। ਇਰਾਕ ਦੀ ਬਾਰਬੀ ਡਾਲ ਕਹੀ ਜਾਣ ਵਾਲੀ ਤੇ ਪਲਾਸਟਿਕ ਸਰਜਨ ਡਾਕਟਰ ਰੀਫਲ ਅਲ ਯਾਸੀਰੀ ਦੀ ਵੀ ਹੱਤਿਆ ਕੀਤੀ ਗਈ ਹੈ।

# 2004 ਗ੍ਰੇਨੇਡ ਹਮਲੇ ਵਿੱਚ ਖਾਲਿਦਾ ਜ਼ਿਆ ਦੇ ਬੇਟੇ ਨੂੰ ਉਮਰ ਕੈਦ

ਢਾਕਾ, 11 ਅਕਤੂਬਰ (ਪੋਸਟ ਬਿਊਰੋ)- ਬੰਗਲਾ ਦੇਸ਼ ਦੀ ਇੱਕ ਅਦਾਲਤ ਨੇ ਬੀਤੇ ਦਿਨ 2004 ਦੇ ਗ੍ਰੇਨੇਡ ਹਮਲੇ ਦੇ ਕੇਸ ਵਿੱਚ ਸਾਬਕਾ ਪ੍ਰਧਾਨ ਮੰਤਰੀ ਖਾਲਿਦਾ ਜ਼ਿਆ ਦੇ ਭਗੌੜੇ ਬੇਟੇ ਤਾਰਿਕ ਰਹਿਮਾਨ ਨੂੰ ਉਮਰ ਕੈਦ ਦੀ ਅਤੇ 19 ਹੋਰਨਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਹੈ। ਇਸ ਹਮਲੇ ਵਿੱਚ 24 ਲੋਕ ਮਾਰੇ ਗਏ ਸਨ ਅਤੇ ਉਸ ਸਮੇਂ ਵਿਰੋਧੀ ਧਿਰ ਪਾਰਟੀ ਦੀ ਮੁਖੀ ਰਹੀ ਸ਼ੇਖ ਹਸੀਨਾ ਸਮੇਤ ਕਰੀਬ 500 ਲੋਕ ਜ਼ਖਮੀ ਹੋ ਗਏ ਸਨ। ਵਰਨਣ ਯੋਗ ਹੈ ਕਿ ਬੰਗਲਾ ਦੇਸ਼ ਦੀ ਮੌਜੂਦਾ ਪ੍ਰਧਾਨਗੀ ਹਸੀਨਾ ਨੂੰ ਨਿਸ਼ਾਨਾ ਬਣਾ ਕੇ ਇਹ ਹਮਲਾ 21 ਅਗਸਤ 2004 ਨੂੰ ਅਵਾਮੀ ਲੀਗ ਦੀ ਰੈਲੀ 'ਤੇ ਕੀਤਾ ਗਿਆ ਸੀ। ਹਸੀਨਾ ਇਸ ਹਮਲੇ ਵਿੱਚ ਬਚ ਗਈ, ਪਰ ਉਸ ਦੇ ਸੁਣਨ ਦੀ ਸਮਰੱਥਾ ਨੂੰ ਨੁਕਸਾਨ ਹੋਇਆ ਸੀ। ਰਹਿਮਾਨ 'ਤੇ ਉਸ ਦੀ ਗੈਰ ਹਾਜ਼ਰੀ ਵਿੱਚ ਕੇਸ ਚੱਲਿਆ ਅਤੇ ਕੋਰਟ ਨੇ ਉਸ ਨੂੰ ਭਗੌੜਾ ਕਰਾਰ ਦਿੱਤਾ ਸੀ। ਉਹ ਫਿਲਹਾਲ ਲੰਡਨ ਵਿੱਚ ਹੈ ਜਿੱਥੇ ਸ਼ਾਇਦ ਉਸ ਨੇ ਸ਼ਰਨ ਮੰਗੀ ਹੈ। ਬ੍ਰਿਟਿਸ਼ ਅਧਿਕਾਰੀਆਂ ਨੇ ਉਸ ਦੇ ਬਾਰੇ ਕੁਝ ਵੀ ਦੱਸਣ ਤੋਂ ਇਨਕਾਰ ਕਰ ਦਿੱਤਾ ਹੈ। ਢਾਕਾ ਦੇ ਫਾਸਟ ਟ੍ਰੈਕ ਟ੍ਰਿਬਿਊਨਲ ਦੇ ਜੱਜ ਸ਼ਾਹਿਦ ਨੂਰਉਦੀਨ ਨੇ ਇਹ ਫੈਸਲਾ ਦਿੱਤਾ ਜਿਸ ਵਿੱਚ ਰਹਿਮਾਨ ਨੂੰ 18 ਹੋਰਨਾਂ ਲੋਕਾਂ ਦੇ ਨਾਲ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

# ਮੁਸਲਮਾਨਾਂ ਦੇ ਹਲਾਲ ਨਾਨ-ਵੈੱਜ ਦੀ ਵਰਤੋਂ 'ਤੇ ਚੀਨ ਨੇ ਪਾਬੰਦੀ ਲਾਈ

ਬੀਜਿੰਗ, 11 ਅਕਤੂਬਰ (ਪੋਸਟ ਬਿਊਰੋ)- ਚੀਨ ਦੇ ਸ਼ਿਨਜਿਆਂਗ ਸੂਬੇ ਵਿਚ ਹਲਾਲ ਖਾਣੇ ਵਿਰੁੱਧ ਮੁਹਿੰਮ ਸ਼ੁਰੂ ਕੀਤੀ ਗਈ ਹੈ। ਪ੍ਰਸ਼ਾਸਨ ਨੇ ਆਦੇਸ਼ ਦਿੱਤਾ ਹੈ ਕਿ ਹਲਾਲ ਉਤਪਾਦਾਂ 'ਤੇ ਪੂਰੀ ਪਾਬੰਦੀ ਲਾ ਦਿੱਤੀ ਜਾਵੇ ਕਿਉਂਕਿ ਇਸ ਨਾਲ ਭਾਈਚਾਰੇ ਵਿਸ਼ੇਸ਼ ਵਿਚ ਧਾਰਮਿਕ ਕੱਟੜਤਾ ਵੱਧ ਸਕਦੀ ਹੈ।

ਇਸ ਰਾਜ ਦੀ ਰਾਜਧਾਨੀ ਉਰੂਮਕੀ ਵਿਚ ਪਾਰਟੀ ਨੇ ਇਹ ਆਦੇਸ਼ ਜਾਰੀ ਕੀਤਾ ਹੈ। ਉਰੂਮਕੀ ਵਿਚ ਇਸ ਸਮੇਂ 1.20 ਕਰੋੜ ਤੋਂ ਵਧੇਰੇ ਮੁਸਲਮਾਨ ਰਹਿੰਦੇ ਹਨ। ਇੱਥੇ ਸਰਕਾਰੀ ਅਧਿਕਾਰੀਆਂ ਲਈ ਜਾਰੀ ਆਦੇਸ਼ ਵਿਚ ਕਿਹਾ ਗਿਆ ਕਿ ਹਲਾਲ ਉਤਪਾਦਾਂ ਅਤੇ ਹਲਾਲ ਪ੍ਰਕਿਰਿਆ 'ਤੇ ਸਖਤੀ ਨਾਲ ਰੋਕ ਲਾਈ ਜਾਵੇ। ਇਸ ਦੇ ਨਾਲ ਸਰਕਾਰੀ ਅਧਿਕਾਰੀਆਂ ਲਈ ਜਾਰੀ ਆਦੇਸ਼ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਭਾਈਚਾਰੇ ਵਿਚ ਵਿਚਾਰਕ ਵਚਨਬੱਧਤਾ ਮਜ਼ਬੂਤ ਕਰਨ ਦੀ ਦਿਸ਼ਾ ਵਿਚ ਕੰਮ ਕਰਨਾ ਹੋਵੇਗਾ। ਵਰਨਣ ਯੋਗ ਹੈ ਕਿ ਸਰਕਾਰੀ ਆਦੇਸ਼ ਵਿਚ ਕਿਹਾ ਗਿਆ ਹੈ ਕਿ ਬੀਤੇ ਕੁਝ ਸਮੇਂ ਵਿਚ ਹਲਾਲ ਉਤਪਾਦਾਂ ਦੀ ਵਰਤੋਂ ਵਧੀ ਹੈ। ਇਸ ਨਾਲ ਧਾਰਮਿਕ ਕੱਟੜਤਾ ਵਧਣ ਦਾ ਖਦਸ਼ਾ ਹੈ। ਮੁਸਲਮਾਨਾਂ ਵਿਚ ਮਾਸਾਹਾਰੀ ਭੋਜਨ ਖਾਣ ਲਈ ਹਲਾਲ ਵਿਧੀ ਵਰਤੀ ਜਾਂਦੀ ਹੈ। ਇਸ ਨੂੰ ਇਸਲਾਮਿਕ ਧਾਰਮਿਕ ਮਾਨਤਾ ਮੁਤਾਬਕ ਮੰਨਿਆ ਜਾਂਦਾ ਹੈ। ਇਸ ਤੋਂ ਪਹਿਲਾਂ ਚੀਨ ਵਿਚ ਮੁਸਲਮਾਨਾਂ ਦੇ ਵਿਚਾਰ ਬਦਲਣ ਅਤੇ ਉਨ੍ਹਾਂ ਨੂੰ ਦੇਸ਼ਭਗਤ ਬਣਾਉਣ ਲਈ ਜ਼ਬਰਦਸਤੀ ਵਿੱਦਿਅਕ ਕੈਂਪਾਂ ਵਿਚ ਭੇਜਿਆ ਜਾ ਰਿਹਾ ਸੀ।

IN HOME CAREGIVER

Required In-Home Caregiver For Elderly and Disabled Person. Must Be fluent in English and Punjabi. Great salary and flexible hours. Free of cost live in room and meals included.

Please send resume at:
mandeep.karwal@gmail.com
or Drop a Call: 647-649-8100

Auto | Home | Business

"ਵਾਜਿਬ ਰੇਟ ਤੇ ਵਧੀਆ ਕਵਰੇਜ"

- Unbeatable Prices
- Good Rates
- Huge Discounts on Various Insurances

Harmanjeet Kaur | 905.602.1629

LUCKY INSURANCE BROKERS LIMITED | 1550 South Gateway Road, Suite #230 Mississauga, ON L4W 5G6

BANKRUPTCY, PROPOSAL, R9.........
no problem!
we will fix your credit

TNG SUNRISE SERVICES INC.

Tarun Genda(Kumar)
Tel:905-781-5292
Cell: 416-305-1290

TNG

PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property

CREDIT REPAIR:
Fix your Credit, Bankruptcy, Proposal, Collections, R-9 and Late payments.

CREDIT CONSULTING:
We do Settlement, Filling Bankruptcy & Proposals

ACCOUNTING:
Tax File get Maximum refund for personal & Bussiness

email: tngservices1@hotmail.com

Golden gate plaza
100 Pertosa Drive, Suite 211
Brampton, ON. L6X 0H9

Jobs Jobs Jobs

General Labour/ Unloader/ Window Assemblers & Machine Operators

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

2355 Derry Rd E, Unit#20, 2nd Floor, Mississauga
Torbram/Derry intersection ਦੇ ਨੇੜੇ
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
Neha: 416.855.9671 or 416.618.6030

MICHELIN Hankook Continental ROADLUX BFGoodrich AEOLUS

BEST TRUCK REPAIR & TIRE CENTRE

We also Specialize in Engine, Transmission, Differential Rebuild, Safety Inspection & All Kinds of Electric Work

ਟਰੱਕਾਂ ਦੇ ਟਾਇਰਾਂ ਤੇ ਭਾਰੀ Sale ਕੋਈ ਵੀ ਐਡਵਰਟਾਈਜ ਕੀਤੀ ਕੀਮਤ ਨੂੰ ਬੀਟ ਕੀਤਾ ਜਾਵੇਗਾ

SPECIAL ON TRUCK ALIGNMENT | BRAND NEW MACHINES 2018

Brake & Drum - On Special Sale! -Made in U.S

4 CAT Batteries 1000 on Special Sale

ਟਰੱਕਾਂ/ਕਾਰਾਂ ਦੇ ਟਾਇਰਾਂ ਦੀ ਅਤੇ ਇੰਜਣ /ਬੰਕ ਹੀਟਰ ਦੀ ਭਾਰੀ ਸੈਲ

7 ਦਿਨ ਖੁੱਲਾ

www.besttruckrepairandtire.ca | Email: ranjitbesttruck@yahoo.ca

Chevron Delo

Special OIL CHANGE Rates

1715 Sismet Rd, Mississauga | Call Ranjit: 416.624.8351 | Tel: 905.625.0055

# ਦਲ ਜਾਂ ਲੀਡਰ ਦੀ ਹੋਂਦ ਬਚਾਣ ਦਾ ਸੰਘਰਸ਼



ਜਸਵੰਤ ਸਿੰਘ 'ਅਜੀਤ'
91 95 82 71 98 90

ਬੀਤੇ ਦਿਨੀਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਲੋਂ ਪਟਿਆਲਾ ਵਿਖੇ ਕਥਤ 'ਜਬਰ ਵਿਰੋਧੀ' ਰੈਲੀ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਦਲ ਦੇ ਸਰਪ੍ਰਸਤ ਸ. ਪ੍ਰਕਾਸ਼ ਸਿੰਘ ਬਾਦਲ, ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਅਤੇ ਦੂਸਰੇ ਕੁਝ ਅਕਾਲੀ ਮੁੱਖੀਆਂ ਨੇ ਰੱਜ ਕੇ ਕਾਂਗ੍ਰਸ ਨੂੰ ਕੋਸਿਆ ਅਤੇ ਉਸਦੇ ਵਿਰੁਧ ਦਿੱਲ ਦੀ ਭੜਾਸ ਕਢੀ। ਸ. ਪ੍ਰਕਾਸ਼ ਸਿੰਘ ਬਾਦਲ ਨੇ ਤਾਂ ਜਸਟਿਸ ਰਣਜੀਤ ਸਿੰਘ ਦੀ ਜਾਂਚ ਰਿਪੋਰਟ ਨੂੰ ਕਾਂਗ੍ਰਸ ਦੀ ਸ਼੍ਰੋਮਣੀ ਅਕਾਲੀ ਦਲ ਵਿਰੁਧ ਅਤੇ ਸਿੱਖ ਗੁਰਧਾਮਾਂ ਪੁਰ ਕਬਜ਼ਾ ਕਰਨੇ ਦੀ ਸੋਚੀ ਸਮਝੀ ਸਾਜਸ਼ ਕਰਾਰ ਦਿੱਤਾ ਅਤੇ ਜ਼ੋਰ ਦੇ ਕੇ ਕਿਹਾ ਕਿ ਕਾਂਗ੍ਰਸ ਵਲੋਂ ਪੈਦਾ ਕੀਤੇ ਗਏ ਹਾਲਾਤ ਤੋਂ ਇਹ ਗਲ ਸਪਸ਼ਟ ਹੋ ਗਈ ਹੈ ਕਿ ਹੁਣ ਲੜਾਈ 'ਖਾਲਸਾ ਪੰਥ ਅਤੇ ਕਾਂਗ੍ਰਸ ਪੰਥ' ਵਿੱਚ ਹੈ। ਕਾਂਗ੍ਰਸ ਨੂੰ ਸਿੱਖ ਗੁਰਧਾਮਾਂ ਪੁਰ ਕਬਜ਼ਾ ਕਰਨ ਤੋਂ ਰੋਕਣ ਲਈ ਖਾਲਸਾ ਪੰਥ ਨੂੰ ਅੱਗੇ ਆਉਣਾ ਹੀ ਹੋਵੇਗਾ। ਇਸਦੇ ਨਾਲ ਹੀ ਉਨ੍ਹਾਂ ਨੇ ਆਪ ਹੀ ਖਾਲਸਾ ਪੰਥ ਵਲੋਂ ਜਵਾਬ ਦਿੰਦਿਆਂ ਦਾਅਵਾ ਕਰ ਦਿੱਤਾ ਕਿ ਖਾਲਸਾ ਪੰਥ ਸਿੱਖਾਂ ਦੀ ਦੁਸ਼ਮਣ, ਕਾਂਗ੍ਰਸ ਪਾਰਟੀ ਨੂੰ ਕਦੀ ਵੀ ਅਤੇ ਕਿਸੇ ਵੀ ਕੀਮਤ 'ਤੇ ਗੁਰਦੁਅਰਿਆਂ ਪੁਰ ਕਬਜ਼ਾ ਕਰਨ ਤੇ ਸਿੱਖ ਕੌਮ ਦੀ ਕਿਸਮਤ ਦੇ ਫੈਸਲੇ ਕਰਨ ਦੀ ਇਜਾਜ਼ਤ ਨਹੀਂ ਦੇਵੇਗਾ। ਸ. ਪ੍ਰਕਾਸ਼ ਸਿੰਘ ਬਾਦਲ ਨੇ ਹੋਰ ਕਿਹਾ ਕਿ ਕਾਂਗ੍ਰਸ ਦਾ ਉਦੇਸ਼ ਗੁਰਦੁਆਰਿਆਂ ਪੁਰ ਕਬਜ਼ਾ ਕਰ ਹਰਿਮੰਦਿਰ ਸਾਹਿਬ ਪੁਰ ਹਮਲਾ ਅਤੇ ਸਿੱਖਾਂ ਦਾ ਕਤਲੇਆਮ ਕਰਨ ਵਾਲਿਆਂ ਨੂੰ ਕਲੀਨ ਚਿੱਟ ਦੇਣਾ ਹੈ।

ਇਹ ਗਲ ਇਥੇ ਵਰਨਣਯੋਗ ਹੈ ਕਿ ਜਸਟਿਸ ਰਣਜੀਤ ਸਿੰਘ ਦੀ ਜਿਸ ਜਾਂਚ ਰਿਪੋਰਟ ਨੂੰ ਸ. ਪ੍ਰਕਾਸ਼ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਸਿੱਖ ਪੰਥ ਵਿਰੁਧ ਕਾਂਗ੍ਰਸ ਦੀ ਸੋਚੀ ਸਮਝੀ ਸਾਜ਼ਿਸ਼ ਕਰਾਰ ਦਿੱਤਾ, ਉਸ ਵਿੱਚ ਪਿਛਲੀ ਅਕਾਲੀ-ਭਾਜਪਾ ਸਰਕਾਰ ਦੇ ਮੁੱਖੀ, ਮੁਖ ਮੰਤਰੀ, ਸ. ਪ੍ਰਕਾਸ਼ ਸਿੰਘ ਬਾਲ ਅਤੇ ਉਪ ਮੁਖ ਮੰਤਰੀ, ਸ. ਸੁਖਬੀਰ ਸਿੰਘ ਬਾਦਲ ਪੁਰ ਜੋ ਦੋਸ਼ ਸਾਬਤ ਕੀਤੇ ਗਏ ਹੋਏ ਹਨ, ਉਨ੍ਹਾਂ ਨੂੰ ਕਿਵੇਂ ਝੁਠਲਾਇਆ ਜਾ ਸਕਦਾ ਹੈ। ਜਦਕਿ ਜਿਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਣ ਦੀਆਂ ਘਟਨਾਵਾਂ ਵਾਪਰ ਰਹੀਆਂ ਸਨ, ਉਨ੍ਹਾਂ ਦੁਖਦਾਈ ਘਟਨਾਵਾਂ ਲਈ ਦੋਸ਼ੀ ਪੁਲਿਸ ਦੀ ਪਹੁੰਚ ਤੋਂ ਬਾਹਰ ਰਹਿ ਰਹੇ ਸਨ ਅਤੇ ਇਨ੍ਹਾਂ ਘਟਨਾਵਾਂ ਵਿਰੁੱਧ ਨਾਮ ਸਿਮਰਨ ਕਰ ਸ਼ਾਂਤੀ-ਪੂਰਣ ਰੋਸ ਪ੍ਰਗਟ ਕਰ ਰਹੇ ਸਿੱਖਾਂ ਪੁਰ ਜਦੋਂ ਗੋਲੀ ਚਲਾਈ ਗਈ ਸੀ, ਤਾਂ ਉਸ ਸਮੇਂ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਅਤੇ ਸ. ਸੁਖਬੀਰ ਸਿੰਘ ਬਾਦਲ ਉਪ-ਮੁੱਖ ਮੰਤਰੀ ਸਨ, ਜਿਨ੍ਹਾਂ ਅਧੀਨ ਗ੍ਰਹਿ ਵਿਭਾਗ ਸੀ! ਇਸ ਸਥਿਤੀ ਵਿੱਚ ਉਹ ਕਿਵੇਂ ਉਨ੍ਹਾਂ ਦੁਖਦਾਈ ਘਟਨਾਵਾਂ ਦੀ ਨਿਜੀ ਜ਼ਿਮੇਂਦਾਰੀ ਤੋਂ ਬਚ ਸਕਦੇ ਹਨ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਸ. ਸੁਖਬੀਰ ਸਿੰਘ ਬਾਦਲ ਸਿੱਖ ਪੰਥ ਨੂੰ ਅਗੇ ਕਰ, ਆਪਣੀ ਲੜਾਈ ਉਸਦੇ ਗਲ ਪਾ, ਆਪਣਾ ਦਾਮਨ ਬਚਾ ਲਿਜਾਣਾ ਚਾਹੁੰਦੇ ਹਨ।

ਉਨ੍ਹਾਂ ਦੀ ਇਸ ਸੋਚ ਤੋਂ ਕਈ ਵਰ੍ਹੇ ਪਹਿਲਾਂ ਦੀ ਇੱਕ ਗਲ ਯਾਦ ਆ ਜਾਂਦੀ ਹੈ। ਗਲ ਉਨ੍ਹਾਂ ਦਿਨਾਂ ਦੀ ਹੈ, ਜਦੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਲੋਂ ਸ਼ਿਮਲਾ ਵਿੱਚ ਚਿੰਤਨ ਬੈਠਕ ਦਾ ਆਯੋਜਨ ਕੀਤਾ ਗਿਆ ਸੀ। ਜਿਸਦੇ ਸੰਬੰਧ ਵਿੱਚ ਦਸਿਆ ਗਿਆ ਸੀ ਕਿ ਦੋ-ਕੁ ਸਾਲ ਬਾਅਦ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲਈ ਰਣਨੀਤੀ ਬਣਾਉਣ ਅਤੇ ਦਲ ਦੀ ਕਾਰਜ-ਪ੍ਰਣਾਲੀ ਨੂੰ ਸਾਰਥਕਤਾ ਦੇਣ ਦੇ ਉਦੇਸ਼ ਨਾਲ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਲੋਂ ਸ਼ਿਮਲਾ ਵਿਖੇ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਤੇ ਅਰਦਾਸ ਕੀਤੇ ਦੇ, ਤਿੰਨ ਦਿਨਾ-ਚਿੰਤਨ ਬੈਠਕ ਦਾ ਆਯੋਜਨ ਕੀਤਾ ਗਿਆ ਹੈ। ਉਸ ਸਮੇਂ ਜਦੋਂ ਅਕਾਲੀ ਦਲ ਦੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠਕਾਂ ਕੀਤੇ ਜਾਣ ਦੀ ਸਥਾਪਤ ਪਰੰਪਰਾ ਤੋਂ ਹਟ ਕੇ ਇਹ ਬੈਠਕ ਕੀਤੇ ਜਾਣ ਪੁਰ ਸੁਆਲ ਉਠਾਇਆ ਗਿਆ ਤਾਂ ਦਲ ਦੇ ਆਗੂਆਂ ਦਸਿਆ ਕਿ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਗੁਰਦੁਆਰਿਆਂ ਦੀ ਵਲਗਣ ਵਿਚੋਂ ਬਾਹਰ ਕਢਣ ਦਾ ਫੈਸਲਾ ਕਰ ਲਿਆ ਹੈ। ਇਸ ਪਾਸੇ ਪਹਿਲ ਕਰਨ ਦੇ ਉਦੇਸ਼ ਨਾਲ ਹੀ ਇਸ ਵਾਰ ਸ਼੍ਰੋਮਣੀ ਅਕਾਲੀ ਦਲ ਦੀ ਬੈਠਕ ਗੁਰਦੁਆਰਿਆਂ ਤੋਂ ਬਾਹਰ, ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਅਤੇ ਅਰਦਾਸ ਕੀਤੇ ਦੇ ਕੀਤੀ ਗਈ ਹੈ।

ਉਸ ਸਮੇਂ ਇਹ ਵੀ ਦਸਿਆ ਗਿਆ ਕਿ ਇਸ ਚਿੰਤਨ ਬੈਠਕ ਵਿਚ, ਜਿਥੇ ਅਕਾਲੀ ਦਲ ਦੀ ਪਰੰਪਰਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਤੇ ਅਰਦਾਸ ਕਰਨ ਦੀ ਲੋੜ ਨਹੀਂ ਸਮਝੀ ਗਈ, ਉਥੇ ਹੀ ਪੰਥਕ ਮਸਲਿਆਂ ਦੇ ਬਾਰੇ ਵੀ ਵਿਚਾਰ ਕਰਨਾ ਜ਼ਰੂਰੀ ਨਹੀਂ ਸੀ ਸਮਝਿਆ ਗਿਆ। ਜੋ ਇਸ ਗਲ ਦਾ ਸੰਕੇਤ ਸੀ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਮੁਖੀਆਂ ਨੇ ਇਹ ਗਲ ਸਵੀਕਾਰ ਕਰ ਲਈ ਸੀ ਕਿ ਹੁਣ ਉਨ੍ਹਾਂ ਨੂੰ ਰਾਜਸੱਤਾ ਦੀ ਪ੍ਰਾਪਤੀ ਲਈ ਨਾ ਤਾਂ ਗੁਰੂ ਦੀ ਅਤੇ ਨਾ ਹੀ ਪੰਥ ਦੀ ਲੋੜ ਰਹਿ ਗਈ। ਹੁਣ ਉਹ ਗੁਰੂ ਦੀ ਓਟ ਤੇ ਪੰਥ ਤੋਂ ਬਿਨਾਂ ਹੀ ਰਾਜਸੱਤਾ ਪੁਰ ਕਾਬਜ਼ ਹੋ ਸਕਦੇ ਹਨ।

ਇਸ ਚਿੰਤਨ ਬੈਠਕ ਦੇ ਕੁਝ ਹੀ ਸਮਾਂ ਬਾਅਦ ਜਦੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸਰਪ੍ਰਸਤ ਅਤੇ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦਾ ਇੱਕ ਬਿਆਨ ਪੜ੍ਹਨ ਨੂੰ ਮਿਲਿਆ, ਜਿਸ ਵਿੱਚ ਉਨ੍ਹਾਂ ਸੰਤ ਹਰਚੰਦ ਸਿੰਘ ਲੋਂਗੋਵਾਲ ਦੀ ਸਾਲਾਨਾ ਯਾਦ ਮੰਨਾਉਣ ਦੇ ਸਬੰਧ ਵਿੱਚ ਹੋਏ ਸਮਾਗਮ ਵਿੱਚ ਭਾਸ਼ਣ ਕਰਦਿਆਂ ਉਨ੍ਹਾਂ ਦਾਅਵਾ ਕੀਤਾ ਸੀ ਕਿ ਉਨ੍ਹਾਂ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਜਿਤਨੀਆਂ ਮਹਤੱਵਪੂਰਣ ਹਨ, ਉਤਨੀਆਂ ਪੰਜਾਬ ਵਿਧਾਨ ਸਭਾ ਜਾਂ ਲੋਕ ਸਭਾ ਦੀਆਂ ਨਹੀਂ ਹਨ। ਉਨ੍ਹਾਂ ਦਾ ਇਹ ਬਿਆਨ ਪੜ੍ਹ ਕੇ ਹੈਰਾਨੀ ਹੋਈ, ਕਿਉਂਕਿ ਇਹ ਬਿਆਨ ਪੜ੍ਹਦਿਆਂ ਹੀ ਇਸਤੋਂ ਕੁਝ ਹੀ ਸਮਾਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸ਼ਿਮਲਾ ਵਿੱਖੇ ਹੋਈ ਉਸ ਚਿੰਤਨ ਬੈਠਕ ਦੀ ਯਾਦ ਆ ਗਈ ਜਿਸਦੇ ਸੰਬੰਧ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਭਵਿਖ ਲਈ ਦਲ ਦੀ ਰਣਨੀਤੀ ਬਣਾਉਣ ਅਤੇ ਕਾਰਜ-ਪ੍ਰਣਾਲੀ ਨੂੰ ਨਵੇਂ ਰੂਪ ਵਿੱਚ ਸਾਰਥਕਤਾ ਦੇਣ ਦੇ ਉਦੇਸ਼ ਨਾਲ ਤਿੰਨ ਦਿਨਾ-ਚਿੰਤਨ ਬੈਠਕ ਦਾ ਆਯੋਜਨ ਕੀਤਾ ਗਿਆ ਹੈ। ਇਸਦੇ ਨਾਲ ਹੀ ਦਲ ਦੇ ਆਗੂਆਂ ਇਹ ਵੀ ਦਸਿਆ ਸੀ ਕਿ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਗੁਰਦੁਆਰਿਆਂ ਵਿਚੋਂ ਬਾਹਰ ਕਢਣ ਦਾ ਫੈਸਲਾ ਕਰ ਲਿਆ ਹੈ। ਇਸੇ ਪਾਸੇ ਪਹਿਲ ਕਰਨ ਦੇ ਉਦੇਸ਼ ਨਾਲ ਹੀ ਇਸ ਵਾਰ ਸ਼੍ਰੋਮਣੀ ਅਕਾਲੀ ਦਲ ਦੀ ਬੈਠਕ ਗੁਰਦੁਆਰੇ ਤੋਂ ਬਾਹਰ, ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਤੇ ਅਰਦਾਸ ਕੀਤੇ ਦੇ ਕੀਤੀ ਗਈ ਹੈ।

ਜਦੋਂ ਇਹ ਗਲ ਯਾਦ ਆ ਜਾਏ ਤਾਂ ਹੈਰਾਨੀ ਹੋਣਾ ਸੁਭਾਵਕ ਹੀ ਹੈ। ਜਿਸ ਅਕਾਲੀ ਦਲ ਦੇ ਮੁੱਖੀਆਂ ਨੇ ਕੁਝ ਹੀ ਸਮਾਂ ਪਹਿਲਾਂ ਇਸ ਦਾਅਵੇ ਨਾਲ ਆਪਣੀਆਂ ਬੈਠਕਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਅਤੇ ਅਰਦਾਸ ਕਰਨ ਦੀ ਲੋੜ ਨਹੀਂ ਸੀ ਸਮਝੀ ਕਿ ਉਹ ਆਪਣੇ ਦਲ ਨੂੰ ਗੁਰਦੁਆਰਿਆਂ ਤੋਂ ਬਾਹਰ ਕਢਣਾ ਚਾਹੁੰਦੇ ਹਨ ਤੇ ਪੰਥ ਤੋਂ ਬਿਨਾਂ ਹੀ ਉਹ ਵਿਧਾਨ ਸਭਾ ਅਤੇ ਲੋਕ ਸਭਾ ਦੀਆਂ ਚੋਣਾਂ ਜਿਤ ਸਕਦੇ ਹਨ, ਉਸੇ ਦਲ ਦੇ ਸਰਪ੍ਰਸਤ ਕੁਝ ਹੀ ਸਮਾਂ ਬਾਅਦ ਇਹ ਕਹਿਣ ਤੇ ਮਜਬੂਰ ਹੋ ਜਾਂਦੇ ਹਨ ਕਿ ਉਨ੍ਹਾਂ ਲਈ ਵਿਧਾਨ ਸਭਾ ਅਤੇ ਲੋਕ ਸਭਾ ਦੀਆਂ ਚੋਣਾਂ ਨਾਲੋਂ ਵੱਧ ਮਹਤੱਵਪੂਰਣ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹਨ। ਜਿਸਦਾ ਮਤਲਬ ਸਪਸ਼ਟ ਸੀ ਉਨ੍ਹਾਂ ਛੇਤੀ ਹੀ ਸਮਝ ਲਿਆ ਕਿ ਉਹ 'ਗੁਰੂ' ਤੋਂ ਬਿਨਾਂ ਤਾਂ ਚੋਣਾਂ ਜਿਤ ਸਕਦੇ ਪਰ ਸ਼੍ਰੋਮਣੀ ਕਮੇਟੀ ਦੀ 'ਗੋਲਕ' ਤੋਂ ਬਿਨਾਂ ਉਨ੍ਹਾਂ ਲਈ ਕੋਈ ਵੀ ਚੋਣ ਜਿਤ ਪਾਣਾ ਸੰਭਵ ਨਹੀਂ।

